੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥


# ਖਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਭਾਈ ਵੀਰ ਸਿੰਘ ਵਿਸ਼ੇਸ਼ ਅੰਕ

ਫ਼ੀ ਪਰਚਾ 5/-
ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.

ਅੰਕ ੨੧ ਜਿਲਦ ੩੦ ੪-੧੦ ਜੂਨ ੨੦੨੦, ੨੨-੨੮ ਜੇਠ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 21 Volume 30, 4-10 June 2020
Yearly Subscription India 250/-, Abroad 2500/- and Life Membership India 2500/-, Abroad 25000/-



ਭਾਈ ਸਾਹਿਬ ਭਾਈ ਵੀਰ ਸਿੰਘ
(1872-1957)

## ਅੰਦਰ


- ਸੰਪਾਦਕੀ 3
- ਭਾਈ ਵੀਰ ਸਿੰਘ ਦਾ ਕਾਵਿ-ਮੰਡਲ 4
- ਭਾਈ ਵੀਰ ਸਿੰਘ ਦੀਆਂ ਕਸ਼ਮੀਰ ਸੰਬੰਧੀ ਕਵਿਤਾਵਾਂ... 5
- Bhai Vir Singh - A Literary Giant 7
- ਲਿਖਤਾਂ ਵਿਚ ਸਿੱਖ ਸਿਧਾਂਤਾਂ ਦੀ ਪੁਨਰ-ਜਾਗ੍ਰਤੀ 9
- ਸਰਗਰਮੀਆਂ 11 • ਝਲਕੀਆਂ 12


# ਉਸਤਾਦ ਦਾ ਸਤਿਕਾਰ

ਇਕ ਫ਼ਾਰਸੀ ਸ਼ਾਇਰ ਨੇ ਕਿਹਾ ਹੈ:-

**"ਸ਼ਾਗਿਰਦ ਈਂ ਜ਼ਮਾਨਾ ਚੂੰ ਸਬਕ ਦਰਮਯਾਨਾ
ਚੂੰ ਸਬਕ ਸ਼ੁਦ ਮੁਯੱਸਰ ਉਸਤਾਦ ਸ਼ੁਦ ਬਿਗਾਨਾ।"**

ਅਰਥਾਤ, ਇਸ ਜ਼ਮਾਨੇ ਵਿਚ ਉਸਤਾਦ ਦੇ ਸ਼ਾਗਿਰਦ ਉਦੋਂ ਤੱਕਣ ਹੀ ਹਨ ਜਦ ਤਕ ਸੰਥਜਾ ਉਸਤਾਦ ਤੋਂ ਪ੍ਰਾਪਤ ਹੋ ਰਹੀ ਹੈ ਜਦ ਸੰਥਜਾ ਮਿਲ ਚੁਕੀ ਤਾਂ ਬੱਸ ਉਸਤਾਦ ਬੇਗਾਨਾ ਹੋ ਗਿਆ।

ਇਹ ਬਿਲਕੁਲ ਦਰੁਸਤ ਹੈ ਅੱਜ ਕੱਲ੍ਹ ਦੇ ਸ਼ਾਗਿਰਦ ਹਨ ਹੀ ਇਸੇ ਤਰ੍ਹਾਂ ਦੇ, ਪਰ ਆਪ ਜੀ ਤੇ ਇਹ ਸ਼ਿਅਰ ਬਿਲਕੁਲ ਨਹੀਂ ਘਟਦਾ। ਭਾਵੇਂ ਆਪ ਨੇ ਅੱਜ ਕੱਲ੍ਹ ਦੀ ਰੌਸ਼ਨੀ ਵਿਚ ਸਕੂਲ ਵਿਖੇ ਤਾਲੀਮ ਪਾਈ ਪਰ ਫਿਰ ਬੀ ਆਪ ਦਾ ਬਹੁਤ ਜਜਾਦਾ ਫਰਕ ਰਿਹਾ ਹੈ।

ਆਪ ਜੀ ਨੇ ਮਿਸ਼ਨ ਸਕੂਲ ਸ੍ਰੀ ਅੰਮ੍ਰਿਤਸਰ (ਜੋ ਕਸੇਰਿਆਂ ਵਾਲੇ ਬਾਜ਼ਾਰ ਵਿਚ ਪਾਸੀਆਂ ਵਾਲੇ ਚੌਕ ਦੇ ਕਰੀਬ ਸੀ) ਵਿਖੇ ਤਾਲੀਮ ਪਾਈ। ਆਪ ਦਾ ਸਲੂਕ ਉਸਤਾਦ ਸਾਹਿਬਾਨ ਨਾਲ ਆਗਜਾਕਾਰ ਸ਼ਾਗਿਰਦਾਂ ਵਾਲਾ ਹੱਦੋਂ ਵੱਧ ਰਿਹਾ, ਤੇ ਸਾਰੇ ਸਕੂਲ ਵਿਚ ਇਸੇ ਗੁਣ ਕਰ ਕੇ ਉਸਤਾਦ ਆਪ ਦੀ ਇੱਜ਼ਤ ਭੀ ਕਰਦੇ ਸਨ। ਇਕ ਯੌਰਪੀਅਨ ਉਸਤਾਦ ਬਾਬਤ ਸ੍ਰੋਤ ਹੈ ਕਿ ਉਹ ਬੜੇ ਸਖਤ, ਮੁਤਅੱਸਬ ਤੇ ਆਪਣੇ ਮਿਸ਼ਨ ਦੇ ਪੱਕੇ ਪ੍ਰਚਾਰਕ ਸਨ। ਸਕੂਲ ਵਿਚ ਉਨ੍ਹਾਂ ਦਾ ਇਤਨਾ ਰੋਅਬ ਸੀ ਕਿ ਅੱਖ ਉਠਾ ਕੇ ਉਨ੍ਹਾਂ ਦੇ ਚੇਹਰੇ ਵੱਲ ਕੋਈ ਤੱਕ ਨਹੀਂ ਸੀ ਸਕਦਾ ਤੇ ਓਹ ਆਪ ਕਿਸੇ ਤੇ ਖੁਸ਼ ਨਹੀਂ ਸਨ। ਸੁਣਿਆ ਹੈ ਕਿ ਜਿਸ ਵਕਤ ਉਹ ਵਲਾਯਤ ਵਾਪਸ ਜਾਣ ਲਗੇ, (ਆਪ ਜੀ ਓਦੋਂ ਤਾਲੀਮ ਪਾ ਰਹੇ ਸਨ) ਤਦ ਉਹ ਆਪ ਜੀ ਦੇ ਮਕਾਨ ਤੇ ਆਏ ਤੇ ਕਹਿਣ ਲਗੇ ਕਿ ਮੈਂ ਅਰ ਮੇਰੀ ਮੇਮ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਘਰ ਚਲੋ, ਅਸੀਂ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦੇ ਹਾਂ। ਆਪ ਜੀ ਨਾਲ ਹੋ ਲੀਤੇ। ਸਾਹਿਬ ਦੀ ਕੋਠੀ ਪੁਜੇ। ਮੇਮ ਤੇ ਸਾਹਿਬ ਨੇ ਬੜੇ ਆਦਰ ਨਾਲ ਬਿਠਾ ਕੇ ਸਭ ਤੋਂ ਪਹਿਲੇ ਮੁਆਫੀ ਮੰਗੀ ਕਿ ਹੋਰਨਾਂ ਲੜਕਿਆਂ ਦੇ ਨਾਲ ਤੁਸਾਂ ਨਾਲ ਮੈਂ ਸਖਤੀ ਦਾ ਵਰਤਾਉ ਆਪਣੇ ਰੋਅਬ ਨੂੰ ਕਾਯਮ ਰਖਣ ਲਈ ਕਰਦਾ ਰਿਹਾ ਹਾਂ, ਪਰ ਜੋ ਕੁਝ ਤੁਸੀਂ ਹੋ ਉਸ ਦੀ ਮਹੱਤਤਾ

ਸਾਡਾ ਦਿਲ ਹੀ ਜਾਣਦਾ ਹੈ, ਤੁਸੀਂ ਆਪਣੇ ਮਿਸ਼ਨ ਦੇ ਪੂਰਨ Saint ਹੋ, ਅਸੀਂ ਇਹ ਨਹੀਂ ਚਾਹੁੰਦੇ ਕਿ ਵਾਹਿਗੁਰੂ ਦਾ ਪਜਾਰਾ ਜੋ ਕਿ ਸਾਡੀ ਕਿਸੇ ਖੁਸ਼ਕਿਸਮਤੀ ਨਾਲ ਸਾਡਾ ਸ਼ਾਗਿਰਦ ਰਸ਼ੀਦ ਆ ਬਣਿਆ ਹੈ ਅਸੀਂ ਕੋਈ ਖੇਚਲ ਦੇ ਕੇ ਆਪਣੇ ਦਿਲ ਵਿਚ ਪਛਤਾਵਾ ਲੈ ਕੇ ਵਾਪਸ ਜਾਈਏ, ਇਸ ਲਈ ਜੀਕੁਣ ਹੋ ਸਕੇ ਮੁਆਫ ਕਰ ਦਿਓ। ਆਪ ਜੀ ਇਹ ਗਲ ਸੁਣ ਕੇ, ਸਨੇਹ ਤੇ ਸਤਿਕਾਰ ਵਿਚ ਕਹਿਣ ਲਗੇ: ਆਪ ਮੇਰੇ ਉਸਤਾਦ ਹੋ, ਵਡੇ ਹੋ, ਤੇ ਉਸਤਾਦ ਨੂੰ ਇਕ ਤਰ੍ਹਾਂ ਦੇ ਪਿਦਰਾਨਾ ਹੱਕ ਹਾਸਲ ਹੁੰਦੇ ਹਨ ਪਰ ਫਿਰ ਬੀ ਮੈਨੂੰ ਜਿੱਥੋਂ ਤੱਕ ਯਾਦ ਹੈ, ਕਦੀ ਆਪ ਨੇ ਮੇਰੇ ਤੇ ਕੋਈ ਸਖਤੀ ਨਹੀਂ ਵਰਤੀ। ਐਸ ਵੇਲੇ ਮੁਆਫੀ ਮੰਗਣ ਦਾ ਤਾਂ ਸਗੋਂ ਮੇਰਾ ਹੱਕ ਹੈ ਕਿ ਆਪ ਆਪਣੇ ਦੇਸ਼ ਜਾਣ ਲਗੇ ਹੋ, ਮੈਂ ਜੇ ਕਿਸੇ ਵੇਲੇ ਸ਼ਾਗਿਰਦਾਨਾ ਫਰਜ ਪੂਰਾ ਕਰਨ ਤੋਂ ਕਾਸਰ ਰਿਹਾ ਹੋਵਾਂ ਤਾਂ ਮੈਨੂੰ ਮੁਆਫ ਕੀਤਾ ਜਾਵੇ। ਮੇਮ ਤੇ ਸਾਹਿਬ ਦਾ ਦਿਲ ਇਹ ਸੁਣਕੇ ਗਦ ਗਦ ਹੋ ਗਿਆ, ਦੋਹਾਂ ਨੇ ਆਪ ਜੀ ਨੂੰ ਘੁਟ ਕੇ ਛਾਤੀ ਨਾਲ ਲਾਇਆ। ਇਸ ਪਿਛੋਂ ਕੁਝ ਕੁ ਸੁਆਲ ਪਰਮਾਰਥਕ ਹੋਏ। ਗਲਾਂ ਸਭ ਯਾਦ ਨਹੀਂ ਪਰ ਵਿਸ਼ਯ "ਵਾਹਿਗੁਰੂ ਪ੍ਰਾਪਤੀ" ਦਾ ਸੀ, ਜਿਸ ਦੇ ਉਤ੍ਰ ਵਿਚ ਆਪ ਜੀ ਨੇ 'ਨਾਮ ਸਿਮਰਨ' ਨੂੰ ਐਨ ਜਜੋਮੈਟਰੀ ਦੀ (Proposition) ਪਰੋਪੋਜੀਸ਼ਨ ਵਾਂਗ ਫਾਰਮੂਲੇਟ ਕਰ ਕੇ ਉਨ੍ਹਾਂ ਦੇ ਅਗੇ ਰਖ ਕੇ ਸਾਬਤ ਕੀਤਾ ਕਿ ਕੇਵਲ ਉਸ ਵਾਹਿਗੁਰੂ ਦਾ ਨਾਮ ਸਿਮਰਨਾ ਹੀ ਉਸ ਦੀ ਪ੍ਰਾਪਤੀ ਦਾ ਦਰ ਤੇ ਸੁਯੰ ਪ੍ਰਾਪਤੀ ਹੈ।

ਆਪ ਨੇ ਸ਼ਾਗਿਰਦਾਨਾ ਸਤਿਕਾਰ ਨਾਲ ਅਦਬ ਕੀਤਾ ਤੇ ਵਾਪਸ ਆ ਗਏ। ਪ੍ਰਿੰਸੀਪਲ ਰੈਵਰੈਂਡ ਨਾਰਮਨ ਤੇ ਮਕੈਨਜ਼ੀ ਦਾ ਹਾਲ ਅਸੀਂ ਪਹਿਲਾਂ ਕਿਸੇ ਹੋਰ ਥਾਂ ਦੇ ਹੀ ਆਏ ਹਾਂ।

ਇਹ ਤਾਂ ਰਹੀ ਯੋਰਪੀਅਨ ਉਸਤਾਦਾਂ ਨਾਲ ਵਰਤੋਂ, ਅਗੇ ਇਕ ਹੋਰ ਏਥੇ ਜ਼ਿਕਰ ਕਰਨ ਦੇ ਯੋਗ ਹੈ।

ਆਪ ਜੀ ਦੇ ਪੂਜਨੀਕ ਪਿਤਾ ਡਾ: ਚਰਨ ਸਿੰਘ ਜੀ ਦੇ ਪਾਸ ਬਹੁਤ ਸਾਰੇ ਸੰਤ, ਨਿਰਮਲੇ, ਉਦਾਸੀ ਆਦਿ ਕਈ ਭੇਖਾਂ ਦੇ ਪੂਜਜ ਸੱਜਣ ਕਈ ਇਕ ਪੁਸਤਕਾਂ ਦੀ ਸੰਥਜਾ ਪ੍ਰਾਪਤ ਕੀਤਾ ਕਰਦੇ ਸਨ। ਇਨ੍ਹਾਂ ਵਿਚੋਂ ਇਕ ਸੰਤ ਜੀ ਦਾ ਨਾਮ ਸੁਾਮੀ ਭਾਸਕਰਾ ਨੰਦ ਜੀ ਸੀ, ਜੋ ਪਹਿਲਾਂ ਤਾਂ ਪਤਾ ਨਹੀਂ ਕਿਥੋਂ ਦੇ ਵਸਨੀਕ ਸਨ ਪਿਛੋਂ ਆ ਕੇ ਰਾਵਲਪਿੰਡੀ ਰਹਿਣ ਲਗ ਪਏ ਸਨ, ਤੇ ਸੰਨ 1930 ਵਿਚ ਉਨ੍ਹਾਂ ਦਾ ਦੇਹਾਂਤ ਓਥੇ ਹੀ ਹੋਯਾ। ਸ੍ਰੀਮਾਨ ਡਾਕਟਰ ਸਾਹਿਬ ਜੀ ਦੀ ਆਗਯਾ ਅਨੁਸਾਰ ਭਾਈ ਸਾਹਿਬ ਜੀ ਨੇ ਉਪ੍ਰੋਕਤ ਸੰਤਾਂ ਪਾਸੋਂ ਬਚਪਨ ਵਿਚ ਕਾਵਯ ਪ੍ਰਯਾਯ, ਰਸਿਕ ਪ੍ਰਯਾਯ ਆਦਿ ਕਾਵਜ ਦੇ ਤ੍ਰੈ ਚਾਰ ਗ੍ਰੰਥ ਵਿਚਾਰੇ ਸਨ। ਸ੍ਰੀਮਾਨ ਡਾਕਟਰ ਸਾਹਿਬ ਜੀ ਦੇ ਪਯਾਨੇ ਮਗਰੋਂ ਆਪ ਉਨ੍ਹਾਂ ਨੂੰ ਬਹੁਤ ਘਟ ਮਿਲੇ ਹਨ ਪਰ ਜਦ ਹੀ ਮਿਲੇ ਹਨ ਪੂਰੇ ਪਿਆਰ ਤੇ ਅਦਬ ਨਾਲ। ਮੁੱਦਤਾਂ ਬੀਤ ਗਈਆਂ ਜਦੋਂ ਸੰਤ ਜੀ ਨੇ ਰਾਵਲਪਿੰਡੀ ਨਿਵਾਸ ਰਖ ਲਿਆ, ਤਦ ਇਕ ਵਾਰ ਆਪ ਜੀ ਨੇ ਅਗਸਤ ਦੇ ਮਹੀਨੇ ਪਹਾੜ ਜਾਂਦਿਆਂ, ਇਕ ਦੋ ਦਿਨ ਦਾ ਨਿਵਾਸ ਰਾਵਲਪਿੰਡੀ ਰਖਿਆ। ਪਤਾ ਲਗਾ ਕਿ ਸੰਤ ਭਾਸਕਰਾ ਨੰਦ ਜੀ ਇਥੇ ਰਹਿੰਦੇ ਹਨ ਤਾਂ ਆਪ ਉਨ੍ਹਾਂ ਦੇ ਟਿਕਾਣੇ ਪੁੱਜੇ। ਇਕ ਛੋਟਾ ਜਿਹਾ ਕਮਰਾ, ਥੋੜ੍ਹਾ ਜਿਹਾ ਅਗੇ ਵਿਹੜਾ, ਕੱਚਾ ਕੋਠਾ, ਭਗਵੇ ਕਪੜਿਆਂ ਵਾਲੇ ਸੰਤ ਵਿਚ ਬੈਠੇ ਹੋਏ, ਜਾ ਕੇ ਅਦਬ ਨਾਲ ਫਤਹ ਬੁਲਾਈ। ਸੰਤ ਜੀ ਆਪਦਾ ਦਰਸ਼ਨ ਕਰਕੇ, ਕੋਈ ਪਿਛਲਾ ਜ਼ਮਾਨਾ ਯਾਦ ਆ ਕੇ, ਗਦ ਗਦ ਹੋ ਗਏ, ਬੜਾ ਹੀ ਪਜਾਰ ਤੇ ਸਤਿਕਾਰ ਕੀਤਾ। ਕੁਝ ਸਮਾਂ ਬੈਠ ਗੱਲਾਂ ਬਾਤਾਂ ਕਰਕੇ ਕੁਝ ਫਲ ਭੇਟਾ ਕਰਕੇ ਵਾਪਸ ਆ ਗਏ। ਜਦ ਦੂਜੀ ਵੇਰ ਫਿਰ ਗਏ ਤਾਂ ਸੰਤ ਜੀ ਅਦਬ ਵਿਚ ਹੋ ਕੇ ਕਹਿਣ ਲਗੇ ਕਿ ਆਪ ਮੇਰੇ ਮਕਾਨ ਤੇ ਨਾਂ ਆਯਾ ਕਰੋ ਮੈਂ ਆਪ, ਆਪ ਦੇ ਪਾਸ ਆਯਾ ਕਰਾਂਗਾ। ਆਪ ਜੀ ਨੇ ਪੁਛਿਆ, ਇਸ ਦੀ ਕੀ ਵਜਾ? ਸੰਤ ਜੀ ਨੇ ਉਤਰ ਦਿਤਾ ਕਿ ਆਪ ਇਕ ਮਹਾਨ ਪ੍ਰਤਾਪਵਾਨ ਸਤਿਕਾਰਤ ਵਜਕਤੀ ਹੋ। ਜਦ ਆਪ ਜੀ ਪਿਛਲੀ ਵਾਰੀ ਮੈਨੂੰ ਮਿਲਕੇ ਗਏ ਹੋ, ਤਾਂ ਬੜਿਆਂ ਲੋਕਾਂ ਨੇ ਆ ਆ ਕੇ ਮੈਥੋਂ ਪੁਛਿਆ ਕਿ 'ਅਸੀਂ ਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਦੂਰਾਂ ਦੂਰਾਂ ਤੋਂ ਚੱਲ ਕੇ ਜਾਂਦੇ ਹਾਂ, ਆਪ ਦਾ ਰਿਸ਼ਤਾ ਕੀ ਹੈ ਉਨ੍ਹਾਂ ਨਾਲ ਜੋ ਆਪ ਪਾਸ ਓਹ ਚਲ ਕੇ ਆਏ ਹਨ?' ਸੰਤ ਜੀ ਨੇ ਇਹ ਬੀ ਕਿਹਾ ਕਿ ਆਪ ਦੇ ਆਉਣ ਨਾਲ ਮੇਰੀ ਜ਼ਜਾਦਾ ਪੁੱਛ ਪ੍ਰਤੀਤ ਤੇ ਮਾਨਤਾ ਹੋਣ ਲਗ ਪਈ ਹੈ।

ਤਦ ਆਪ ਜੀ ਨੇ ਪੁੱਛਿਆ ਕਿ ਆਪ ਜੀ ਨੇ ਕੀ ਉਤਰ ਦਿਤਾ? ਤਾਂ ਸੰਤ ਜੀ ਨੇ ਦਸਿਆ ਕਿ ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਉਹਨਾਂ ਦੀ ਗਰੀਬ ਨਿਵਾਜਤਾ ਹੈ, ਮੈਂ ਉਨ੍ਹਾਂ ਦੇ ਪਿਤਾ ਜੀ ਦਾ ਸ਼ਾਗਿਰਦ ਹਾਂ, ਇਸ ਲਈ ਉਹ ਮਿਲਣ ਆਏ ਸਨ।

ਤਦ ਆਪ ਜੀ ਨੇ ਕਿਹਾ ਕਿ ਬਾਕੀ ਦੀ ਗੱਲ ਆਪ ਨੇ ਕਿਉਂ ਛੁਪਾ ਰਖੀ, ਇਹ ਕਿਉਂ ਨਹੀਂ ਕਿਹਾ ਕਿ ਉਹ ਸਾਡਾ ਸ਼ਾਗਿਰਦ ਹੈ। ਸੰਤਾਂ ਨੇ ਕਿਹਾ:- 'ਆਪ ਦਾ ਐਸ਼ਵਰਜ, ਪ੍ਰਤਾਪ ਤੇ ਆਪਣੀ ਗਰੀਬੀ ਵੱਲ ਵੇਖ ਕੇ ਮੈਂ ਉਹ ਗੱਲ ਨਹੀਂ ਦੱਸੀ।'

'ਚੰਗਾ ਫਿਰ ਇਹ ਗੱਲ ਹੁਣ ਅਸੀਂ ਆਪ ਸਭਨਾਂ ਨੂੰ ਦਸਾਂਗੇ।' ਪਰ ਸੰਤ ਜੀ ਨੇ ਫਿਰ ਜ਼ੋਰ ਦਿਤਾ ਕਿ ਆਪ ਨੇ ਮੇਰੇ ਮਕਾਨ ਤੇ ਨਾ ਆਉਣ ਦੀ ਖੇਚਲ ਕਰਨੀ, ਮੇਰੇ ਦਿਲ ਵਿਚ ਆਪ ਦਾ ਬਹੁਤ ਸਤਿਕਾਰ ਹੈ, ਕੋਈ ਇਕ ਮੇਰਾ ਸੰਸਾ ਸੀ, ਜੋ ਅਜ ਤੱਕ ਪੂਰਾ ਨਹੀਂ ਸੀ ਹੋਯਾ, ਆਪ ਦੀ ਰਚਨਾ **ਸ੍ਰੀ ਕਲਗੀਧਰ ਚਮਤਕਾਰ** ਪੜ੍ਹਨ ਤੇ ਉਹ ਬਿਲਕੁਲ ਸਾਫ ਹੋ ਗਿਆ ਹੈ ਤੇ ਮੈਂ ਬੜਾ ਸੁਖੀ ਹੋ ਗਿਆ ਹਾਂ, ਇਸ ਤਰ੍ਹਾਂ ਹੁਣ ਤੁਸੀਂ ਮੇਰੇ ਸਿਖਜਾ ਦਾਤਾ ਹੋ ਗਏ ਹੋ , ਮੈਂ ਨਹੀਂ ਚਾਹੁੰਦਾ ਕਿ ਆਪ ਨੂੰ ਮੇਰੇ ਮਕਾਨ ਤੇ ਆਉਣ ਦੀ ਖੇਚਲ ਹੋਵੇ।

ਆਪ ਨੇ ਉਤਰ ਦਿੱਤਾ, ਆਪ ਮੇਰੇ ਉਸਤਾਦ ਹੋ, ਸ਼ਾਗਿਰਦ ਦਾ ਫਰਜ਼ ਹੈ ਕਿ ਉਸਤਾਦ ਕੋਲ ਜਾਏ, ਨਾ ਕਿ ਉਸਤਾਦ ਨੂੰ ਖੇਚਲ ਦੇਵੇ ਤੇ ਆਪਣੇ ਘਰ ਬੁਲਾਏ।

ਸੰਤ ਜੀ ਨੇ ਜਦ ਇਹ ਡਿਠਾ ਕਿ ਇਨ੍ਹਾਂ ਦਾ ਪਜਾਰ ਸਤਿਕਾਰ ਮੇਰੀ ਇਛਾ ਪੂਰਨ ਨਹੀਂ ਹੋਣ ਦਿੰਦਾ ਤਾਂ ਕਿਹਾ-'ਚਲੋ ਮੈਂ ਉਸਤਾਦ ਹੀ ਸਹੀ, ਬ-ਹੈਸੀਅਤ ਉਸਤਾਦ ਮੈਂ ਕਹਿੰਦਾ ਹਾਂ ਕਿ ਮੇਰੇ ਘਰ ਆਪ ਨੇ ਨਹੀਂ ਆਉਣਾ, ਮੈਂ ਆਪ ਤੁਹਾਨੂੰ ਮਿਲਣ ਆਯਾ ਕਰਾਂਗਾ।'

ਆਪ ਚੁੱਪ ਹੋ ਗਏ, ਅਗੋਂ ਨੂੰ ਜਦ ਬੀ ਮਿਲਣਾ ਹੋਯਾ ਤਾਂ ਗਡੀ ਯਾ ਮੋਟਰ ਭੇਜ ਦੇਣੀ ਤੇ ਜਿਥੇ ਆਪ ਨੇ ਉਤਰੇ ਹੋਣਾ ਸੰਤਾਂ ਨੂੰ ਬੁਲਾ ਲੈਣਾ।

ਇਨ੍ਹਾਂ ਸੰਤਾਂ ਨੂੰ **ਸ੍ਰੀ ਕਲਗੀਧਰ ਚਮਤਕਾਰ** ਦੇ ਮੁਤਾਲਿਆ ਤੋਂ ਚੰਗਾ ਆਤਮਕ ਸੁਖ ਪ੍ਰਾਪਤ ਹੋਇਆ ਸੀ, ਤੇ ਇਨ੍ਹਾਂ ਨੇ ਆਪਣੀ ਤੀਬਰ ਇਛਾ ਪ੍ਰਗਟ ਕੀਤੀ ਸੀ ਕਿ ਇਸ ਰਚਨਾਂ ਦਾ ਹਿੰਦੀ ਉਲਥਾ ਜ਼ਰੂਰ ਛਾਪਿਆ ਜਾਏ। ਜਿਸ ਲਈ ਭਾਈ ਸਾਹਿਬ ਜੀ ਨੇ ਆਪਦੀ ਵਸੀਅਤ ਦੇ ਅੰਕ 13 ਵਿੱਚ ਆਪਦੇ ਟਰੱਸਟੀਆਂ ਨੂੰ ਚਮਤਕਾਰਾਂ ਦੇ ਤਰਜਮੇਂ ਹਿੰਦੀ ਵਿਚ ਕਰਾਉਣ ਲਈ ਦੋ ਹਜ਼ਾਰ ਰੁਪਏ ਖਰਚ ਕਰ ਲੈਣ ਦੀ ਸੂਚਨਾ ਦਿਤੀ ਸੀ।

– **ਗੁਰਮੁਖ ਜੀਵਨ** 'ਚੋਂ

✧ ✧ ✧ ✧ ✧

# ਸੰਪਾਦਕੀ



# ਮੇਰੀ ਛਿਪੇ ਰਹਿਣ ਦੀ ਚਾਹ...
# ਪੂਰੀ ਹੂੰਦੀ ਨਾਂਹ...

ਪੰਜਾਬੀ 'ਚ ਅਨੇਕਮੁਖ, ਬਹੁਵਿਧ ਤੇ ਪਾਏਦਾਰ ਸਾਹਿਤ ਰਚਨਾ ਕਰਨ ਵਾਲੇ ਭਾਈ ਵੀਰ ਸਿੰਘ ਦਾ ਸਮਾਂ ਉਹ ਸਮਾਂ ਹੈ ਜਦ ਦੇਸ਼ ਰਾਜਨੀਤਕ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਹੈ, ਸਾਹਿਤਕ ਤੌਰ ਤੇ ਪੰਜਾਬੀ ਭਾਸ਼ਾ ਸਾਹਿਤ ਨਿਗੂਣਾ ਹੈ, ਤੇ ਸਭਿਆਚਾਰਕ ਪੱਧਰ ਤੇ ਨਿਘਾਰ ਵਲ ਹੈ। ਸਥਿਤੀ ਪੂਰਨ ਤੌਰ ਤੇ ਨਿਰਾਸ਼ਾਜਨਕ ਹੈ, ਅਜਿਹੇ ਵੇਲੇ ਭਾਈ ਸਾਹਿਬ ਦਾ ਆਗਮਨ ਪੰਜਾਬੀ ਸਾਹਿਤ-ਸਮਾਜ ਲਈ ਇਕ ਉਜਾਲੇ ਦੀ ਤਰ੍ਹਾਂ ਹੈ। ਭਾਈ ਵੀਰ ਸਿੰਘ ਨੇ ਕ੍ਰਿਸ਼ਚੀਅਨ ਸਕੂਲ ਤੋਂ ਵਿੱਦਿਆ ਪ੍ਰਾਪਤ ਕੀਤੀ ਤੇ ਘਰੋਗੀ ਪਰੰਪਰਾ 'ਚੋਂ ਵਿਰਸੇ ਦਾ ਗਿਆਨ। ਜਵਾਨੀ 'ਚ ਹੀ ਸਮਾਜਕ ਸੂਝ ਤੇ ਨੀਝ ਨਾਲ ਭਰਪੂਰ ਭਾਈ ਸਾਹਿਬ ਨੇ ਕੋਈ ਉਚ ਪੱਧਰੀ ਸਿੱਖਿਆ ਜਾਂ ਨੌਕਰੀ ਹਾਸਲ ਕਰਨ ਦੀ ਬਜਾਇ ਹਾਲਾਤ ਦੇ ਸਨਮੁੱਖ ਹੋਣ ਦਾ ਰਾਹ ਚੁਣਿਆ। ਉਨ੍ਹਾਂ ਕੋਲ ਕਮਾਲ ਦੀ ਲਿਖਣ ਯੋਗਤਾ, ਪ੍ਰਖਰ ਬੁੱਧੀ ਤੇ ਸਮਾਜਕ ਚੇਤੰਨਤਾ ਸੀ। ਇਸ ਸਭ ਕਾਸੇ ਦੀ ਵਰਤੋਂ ਕਰਦਿਆਂ ਭਾਈ ਸਾਹਿਬ ਨੇ ਉਸ ਸਮੇਂ ਚਲ ਰਹੀ ਸਿੰਘ ਸਭਾ ਲਹਿਰ ਦੇ ਅਨੁਰੂਪ ਆਪਣਾ ਜੀਵਨ ਲਕਸ਼ ਨਿਰਧਾਰਿਤ ਕਰ ਲਿਆ ਤੇ ਫਿਰ ਪੂਰਾ ਜੀਵਨ ਇਸ ਉਦੇਸ਼ ਦੀ ਪ੍ਰਾਪਤੀ ਨੂੰ ਸਮਰਪਿਤ ਕਰ ਦਿੱਤਾ।

ਕਵਿਤਾਵਲੀ ਤੋਂ ਅਰੰਭ ਹੋ ਕੇ ਭਾਈ ਸਾਹਿਬ ਨੇ ਪੰਜਾਬੀ 'ਚ ਵਿਸ਼ਾਲ ਗਦ-ਪਦ ਸਾਹਿਤ ਸਿਰਜਨਾ ਕੀਤੀ। ਸਮੇਂ ਦੇ ਬਰਮੇਚ ਹੁੰਦਿਆਂ ਉਹਨਾਂ ਵਿਦੇਸ਼ੀ ਸਾਹਿਤ ਰੂਪਾਂ ਨੂੰ ਵੀ ਅਪਨਾਇਆ ਤੇ ਪਰੰਪਰਕ ਛੰਦਾਂ ਤੇ ਰੂਪਾਕਾਰਾਂ ਦੇ ਵੀ ਮਤੀਹ ਰਹੇ। ਸਿੱਖ ਵਿਰਸਾ ਭਾਈ ਸਾਹਿਬ ਦੀ ਰਚਨਾਵਾਂ ਦਾ ਕੇਂਦਰ ਬਿੰਦੂ ਸੀ ਤੇ ਅੰਗ੍ਰੇਜ਼ੀ ਕਾਲ ਤੋਂ ਸ਼ੁਰੂ ਹੁੰਦੇ ਆਧੁਨਿਕ ਸਮੇਂ 'ਚ ਭਾਈ ਸਾਹਿਬ ਨੇ ਆਪਣੇ ਸਿੱਖ ਵਿਰਸੇ ਦੀ ਨਵੀਨਤਮ ਵਿਆਖਿਆ-ਸਿਰਜਨਾ ਕੀਤੀ। 1898 'ਚ ਭਾਈ ਸਾਹਿਬ ਨੇ **ਸੁੰਦਰੀ** ਨਾਵਲ ਲਿਖਿਆ। ਪੰਜਾਬੀ ਸਾਹਿਤ 'ਚ ਇਹ ਅੱਜ ਤਕ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲ ਹੈ। ਇਕ ਇਕ ਵੇਰਵਾ ਹੀ ਭਾਈ ਸਾਹਿਬ ਦੀ ਕਲਮ-ਸਮਰੱਥਾ ਨੂੰ ਉਜਾਗਰ ਕਰ ਦੇਂਦਾ ਹੈ ਜਿਸ ਵਿਚੋਂ ਅਨੇਕਾਂ ਕ੍ਰਿਤੀਆਂ ਨੇ ਰੂਪ ਧਾਰਿਆ ਤੇ ਜੋ ਅੱਜ ਤਕ ਵੀ ਪ੍ਰਸੰਗਿਕ ਤੇ ਮੁੱਲਵਾਨ ਹਨ। ਭਾਈ ਸਾਹਿਬ ਦੀ ਇਕ ਰਚਨਾ ਹੈ— **ਗੁਰ ਨਾਨਕ ਚਮਤਕਾਰ**। ਇਸ ਨੂੰ ਪੜ੍ਹ ਕੇ ਅਨੇਕਾਂ ਹੀ ਉਹ ਜਿਹੜੇ ਧਰਮ ਤੋਂ ਮੁਨਕਰ ਸਨ ਜਾਂ ਜਿਨ੍ਹਾਂ ਅੰਦਰ ਧਰਮ ਪ੍ਰਤੀ ਨਿਸ਼ਚੇ ਦੀ ਘਾਟ ਸੀ, ਧਰਮ ਸਨਮੁਖਤਾ ਦੇ ਧਾਰਨੀ ਹੋ ਗਏ ਮਾਨੋ ਕਿ ਵਿਰਸੇ ਦੀ ਲਾਗ ਉਹਨਾਂ ਨੂੰ ਲਗ ਗਈ।

ਗੁਰੂ ਸਾਹਿਬ ਨੇ ਆਪਣੇ ਸਮੇਂ 'ਚ ਸ਼ਬਦ ਸਿਰਜਨਾ ਰਾਹੀਂ ਲੋਕਾਈ ਨੂੰ ਧਰਮ ਨਾਲ ਜੋੜਿਆ, ਭਾਈ ਸਾਹਿਬ ਨੇ ਉਹਨਾਂ ਗੁਰੂ ਸਾਹਿਬਾਨਾਂ ਦੇ ਜੀਵਨ ਤੇ ਅਧਾਰਿਤ ਚਮਤਕਾਰ, ਗੁਰਬਾਣੀ ਟੀਕਾ-ਵਿਆਖਿਆ ਤੇ ਇਤਿਹਾਸ ਗਦ-ਪਦ ਦੇ ਮਾਧਿਅਮ ਰਾਹੀਂ ਰਚ ਕੇ ਲੋਕਾਂ ਨੂੰ ਧਰਮ ਨਾਲ ਜੋੜਿਆ ਮਾਨੋ ਇਤਿਹਾਸ ਨੇ ਗੁਰੂ ਕਰਣੀ ਨੂੰ ਆਧੁਨਿਕ ਰੂਪਾਕਾਰਕ ਸਿਰਜਨਾ ਰਾਹੀਂ ਆਪਣੇ 'ਚੋਂ ਲੰਘਾਇਆ ਤੇ ਸਮਾਜ ਨੂੰ ਅੰਤਿਮ ਸੱਚ ਨਾਲ ਜੋੜ ਦਿੱਤਾ।

ਭਾਈ ਸਾਹਿਬ ਦੀਆਂ ਸਮੁੱਚੀਆਂ ਰਚਨਾਵਾਂ, ਪ੍ਰਕਾਸ਼ਨਾਵਾਂ, ਸੰਪਾਦਨਾ, ਕੋਸ਼ਕਾਰੀ, ਵਿਆਖਿਆਕਾਰੀ ਗੁਰੂਆਂ ਰਾਹੀਂ ਪ੍ਰਸਾਰੇ ਅੰਤਮ ਸੱਚ ਦਾ ਆਧੁਨਿਕ ਲਹਿਜ਼ੇ 'ਚ ਪ੍ਰਚਾਰ-ਪ੍ਰਸਾਰ ਹੈ। ਪਰ ਅੱਖਰੀ ਕੌਸ਼ਲਤਾ ਸਹਿਤ ਹੋਇਆ ਇਹ ਪ੍ਰਚਾਰ-ਪ੍ਰਸਾਰ ਬਗ਼ੈਰ ਸ਼ਖ਼ਸੀ ਜੀਵਨ ਤੋਂ ਕਿਵੇਂ ਸੰਭਵ ਹੋ ਸਕਦਾ? ਭਾਈ ਸਾਹਿਬ ਅਮੀਰ ਸਿੱਖ ਵਿਰਸੇ ਦੇ ਹੀ ਨਹੀਂ, ਪ੍ਰਫੁੱਲਿਤ ਜੀਵਨ ਜਾਚ ਦੇ ਵੀ ਧਾਰਨੀ ਸਨ। ਅੰਮ੍ਰਿਤ ਵੇਲੇ ਨੂੰ ਕਦੇ ਨਾ ਖੁੰਝਾਉਣ ਵਾਲੇ ਭਾਈ ਸਾਹਿਬ ਕੁਦਰਤ ਨਾਲ ਵੀ ਪੂਰਨ ਸਨੇਹ ਰੱਖਦੇ। ਅਨੇਕ ਭਾਂਤੀ ਰੁੱਖ-ਬੂਟੇ ਆਪਦੇ ਨਿਜ-ਅਸਥਾਨ ਦਾ ਸ਼ਿੰਗਾਰ ਸਨ। ਅਨੇਕਾਂ ਪੰਥਕ ਤੇ ਸਮਾਜਿਕ ਸੰਸਥਾਨਾਂ ਦੀ ਸਥਾਪਨਾ (ਸੈਂਟਰਲ ਖਾਲਸਾ ਯਤੀਮਖਾਨਾ, ਸੂਰਮਾ ਸਿੰਘ ਆਸ਼ਰਮ, ਹੋਮਿਓਪੈਥਕ ਹਸਪਤਾਲ ਅੰਮ੍ਰਿਤਸਰ, ਇਤਿਹਾਸਕ ਸਿੰਘਪੁਰਾ ਗੁਰਦੁਆਰਾ ਕਸ਼ਮੀਰ, ਅੰਧ ਵਿਦਿਆਲਾ ਅੰਮ੍ਰਿਤਸਰ, ਬਿਰਧ ਘਰ, ਵਿਧਵਾ ਆਸ਼ਰਮ ਅੰਮ੍ਰਿਤਸਰ, ਖਾਲਸਾ ਪਰਚਾਰਕ ਵਿਦਿਆਲਾ ਤਰਨ ਤਾਰਨ, ਪੰਜਾਬ ਐਂਡ ਸਿੰਧ ਬੈਂਕ ਆਦਿ) ਭਾਈ ਸਾਹਿਬ ਦੀ ਲੋਕ-ਕਲਿਆਣ ਦੀ ਭਾਵਨਾ ਦੀ ਮਿਸਾਲ ਹਨ। ਐਜੂਕੇਸ਼ਨਲ ਕਾਨਫ਼ਰੰਸਾਂ 'ਚ ਜਾਣਾ ਤੇ ਵਿੱਦਿਅਕ ਪ੍ਰਚਾਰ ਲਈ ਲਗਾਤਾਰ ਲਿਖਣਾ ਤੇ ਕੌਮੀ ਮਸਲਿਆਂ ਬਾਰੇ ਸਰਗਰਮ ਰਹਿਣਾ ਭਾਈ ਸਾਹਿਬ ਦੇ ਕੌਮੀ ਪਿਆਰ ਨੂੰ ਉਘਾੜਦੇ ਵੇਰਵੇ ਹਨ। ਗਰਜ਼ ਕਿ ਪੰਥ, ਸਮਾਜ, ਆਲਾ-ਦੁਆਲਾ ਸਭ ਕੁਝ ਪ੍ਰਤੀ ਚੇਤੰਨ ਦਿਸਦੇ ਭਾਈ ਸਾਹਿਬ ਸਮਾਜਕ ਸ਼ੁਹਰਤ, ਰੁਤਬੇ ਜਾਂ ਵਾਹ-ਵਾਹ ਤੋਂ ਹਮੇਸ਼ਾਂ ਬੇਲਾਗ ਰਹੇ। 'ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪੇ ਟੁਰ ਜਾਣ ਦੀ' ਬਿਰਤੀ ਰੱਖਣ ਵਾਲੇ ਭਾਈ ਸਾਹਿਬ ਇਕ ਅਜਿਹੇ ਸਾਹਿਤਕਾਰ ਤੇ ਸਮਾਜ ਸਿਰਜਕ ਹੋ ਨਿਬੜੇ ਜੋ ਆਪਣੇ ਸਮੇਂ 'ਚ ਹੀ ਸਥਾਪਿਤ ਹੋ ਗਏ। ਦੂਰੋਂ-ਨੇੜਿਓਂ ਭਾਈ ਸਾਹਿਬ ਦੇ ਦਫ਼ਤਰ ਆਉਂਦੇ ਅਨੇਕਾਂ ਖ਼ੱਤ ਤੇ ਉਹਨਾਂ ਨੂੰ ਮਿਲਣ ਆਉਂਦੇ ਅਨੇਕਾਂ ਵਿਅਕਤੀ-ਜਨ ਭਾਈ ਸਾਹਿਬ ਦੀ ਛਿਪੇ ਰਹਿਣ ਦੀ ਚਾਹ ਨੂੰ ਪੂਰਾ ਨਾ ਕਰ ਸਕੇ। ਸਮਾਜ ਤੇ ਸਾਹਿਤ ਸੇਵਾ ਨੂੰ ਸਮਰਪਿਤ ਭਾਈ ਸਾਹਿਬ ਨੇ ਹਮੇਸ਼ਾਂ ਲੋਕ ਹਿਤਾਂ ਨੂੰ ਸਾਹਮਣੇ ਰੱਖਿਆ ਤੇ ਪਿੱਛੇ ਰਹਿ ਕੇ (ਮਾਨੋ ਛਿਪੇ ਰਹਿ ਕੇ) ਕੰਮ ਕਰਦਿਆਂ ਵੀ ਆਪਣੇ ਸਮੇਂ 'ਚ ਮਕਬੂਲੀਅਤ ਹਾਸਲ ਕੀਤੀ ਅਤੇ ਉਸ ਉਦੇਸ਼ ਪ੍ਰਤੀ ਸਮਰਪਿਤ ਰਹੇ ਜੋ ਉਹਨਾਂ ਜੀਵਨ ਦੇ ਆਰੰਭ 'ਚ ਹੀ ਮਿੱਥ ਲਿਆ ਸੀ ਤੇ ਉਦੇਸ਼ ਸੀ : ਆਪਣੇ ਵਿਰਸੇ ਨਾਲ ਜੁੜਦਿਆਂ, ਆਪਣੀ ਭਾਸ਼ਾ ਨਾਲ ਜੁੜਦਿਆਂ ਆਪਣੇ ਸਮਾਜ ਨੂੰ ਬਹੁਵਿਧ ਉੱਚਤਾ ਪ੍ਰਦਾਨ ਕਰਨਾ। ਅਧਿਆਤਮਿਕਤਾ ਨਾਲ ਜੁੜਿਆ ਇਨਸਾਨ ਭਾਵੇਂ ਛਿਪਿਆ ਹੀ ਰਹਿਣਾ ਚਾਹੁੰਦਾ ਹੈ ਪਰ ਸਮਾਜਿਕ ਹਿਤ ਉਸਨੂੰ ਛਿਪਿਆ ਕਿਵੇਂ ਰਹਿਣ ਦੇਣ। ਅਧਿਆਤਮਿਕਤਾ ਤੇ ਸਮਾਜਿਕਤਾ ਨਾਲ ਇੱਕੋ ਜਿਹੀ ਵਫ਼ਾ ਨਿਭਾਉਣ ਵਾਲੀ ਅਲੋਕਾਰੀ ਸ਼ਖ਼ਸੀਅਤ ਭਾਈ ਵੀਰ ਸਿੰਘ ਨੂੰ ਉਹਨਾਂ ਦੇ ਸੱਚਖੰਡ ਪਿਆਨਾ ਦਿਵਸ ਤੇ ਕੋਟਿ ਕੋਟਿ ਪ੍ਰਣਾਮ।

# ਭਾਈ ਵੀਰ ਸਿੰਘ ਦਾ ਕਾਵਿ-ਮੰਡਲ

ਭਾਈ ਵੀਰ ਸਿੰਘ ਜੀ ਆਧੁਨਿਕ ਪੰਜਾਬੀ ਸਾਹਿਤ ਦੀ ਨਿਰਮਾਣਕਾਰੀ ਵਿਚ ਪਿਤਾਮਾ ਸ਼ਖ਼ਸੀਅਤ ਦਾ ਦਰਜਾ ਰੱਖਦੇ ਹਨ। ਮਹਾਨ ਪ੍ਰਤਿਭਾ ਅਤੇ ਚਿੰਤਨ ਰਾਹੀਂ ਉਨ੍ਹਾਂ ਨੇ ਆਧੁਨਿਕ ਪੰਜਾਬੀ ਸਾਹਿਤ ਦੀ ਰੂਪ-ਰੇਖਾ ਦੇ ਨਿਰਮਾਣ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਭਾਈ ਸਾਹਿਬ ਦੀ ਕਵਿਤਾ ਦੇ ਅਧਿਆਤਮ ਨੂੰ ਤਲਾਸ਼ਣ ਲਈ ਸਾਨੂੰ ਗੁਰਮਤਿ ਫ਼ਲਸਫ਼ੇ ਜਾਂ ਸਿਧਾਂਤ ਵਿਚੋਂ ਗੁਜ਼ਰਨਾ ਹੋਵੇਗਾ। ਉਹ ਆਪਣੀਆਂ ਕਵਿਤਾਵਾਂ ਵਿਚ ਗੁਰਮਤਿ ਦੀ ਫ਼ਿਲਾਸਫ਼ੀ ਨੂੰ ਅਜਿਹੇ ਸੰਜਮ ਨਾਲ ਸਾਕਾਰ ਕਰਦੇ ਹਨ ਕਿ ਉਹਨਾਂ ਦਾ ਮਹਾਨ ਕਾਵਿ ਸਦੀਵੀ ਰੂਪ ਵਿਚ ਮਾਨਵੀ ਸੋਚ ਨੂੰ ਅਧਿਆਤਮ ਵੱਲ ਖਿੱਚ ਲੈਂਦਾ ਹੈ। ਭਾਈ ਸਾਹਿਬ ਦੀ ਕਵਿਤਾ ਦਾ ਘਰੇਲੂ ਮਾਹੌਲ ਅਤੇ ਧਾਰਮਿਕ ਵਾਯੂ-ਮੰਡਲ ਗੁਰਬਾਣੀ ਅਤੇ ਸਿੱਖ ਸਿਧਾਂਤਾਂ ਤੋਂ ਪ੍ਰਭਾਵਿਤ ਨਜ਼ਰ ਆਉਂਦਾ ਹੈ। ਭਾਈ ਸਾਹਿਬ ਜੀ ਦੇ ਸਾਹਿਤਕ ਕਾਰਜ ਦੀ ਗੁਰਮਤਿ ਸਾਹਿਤ ਦੇ ਸੰਦਰਭ ਵਿਚ ਮਹਾਨਤਾ ਬਾਰੇ ਡਾ. ਰਤਨ ਸਿੰਘ ਜੱਗੀ ਦੇ ਵਿਚਾਰ ਹਨ :

"ਜੋ ਕੰਮ ਭਾਈ ਗੁਰਦਾਸ ਨੇ 17ਵੀਂ ਸਦੀ ਵਿਚ ਕੀਤਾ ਸੀ ਉਹੀ ਭਾਈ ਵੀਰ ਸਿੰਘ ਨੇ 20ਵੀਂ ਸਦੀ ਵਿਚ ਕੀਤਾ। ਸੱਚਮੁਚ ਭਾਈ ਵੀਰ ਸਿੰਘ, ਭਾਈ ਗੁਰਦਾਸ ਜੀ ਦਾ ਆਧੁਨਿਕ ਸੰਸਕਰਣ ਹਨ। ਉਹਨਾਂ ਦੀ ਹਰ ਕਵਿਤਾ ਵਿਚ ਗੁਰਮਤਿ ਦੀ ਕਿਸੇ ਸਿਧਾਂਤ ਦੀ ਸਪਸ਼ਟ ਜਾਂ ਅਸਪਸ਼ਟ ਰੂਪ ਵਿਚ ਵਿਆਖਿਆ ਅਵੱਸ਼ ਮਿਲ ਜਾਂਦੀ ਹੈ।"

ਭਾਈ ਸਾਹਿਬ ਨੇ ਆਪਣੀ ਕਵਿਤਾ ਵਿਚ ਗੁਰਮਤਿ ਫ਼ਿਲਾਸਫ਼ੀ ਦੀ ਵਿਆਖਿਆ ਬੜੇ ਸਰਲ ਅਤੇ ਸਪਸ਼ਟ ਸ਼ਬਦਾਂ ਵਿਚ ਕੀਤੀ ਹੈ। ਭਾਈ ਸਾਹਿਬ ਨੇ ਗੁਰੂਆਂ ਦੁਆਰਾ ਚਲਾਈ ਕੁਦਰਤ ਪ੍ਰਤੀ ਪਿਆਰ ਦੀ ਪਰੰਪਰਾ ਨੂੰ ਸਿਰਫ਼ ਸਾਂਭਣ ਤੱਕ ਸੀਮਤ ਨਾ ਕਰਦੇ ਹੋਏ ਪ੍ਰਫੁੱਲਤ ਕਰਨ ਦੇ ਆਯਾਮ ਵੀ ਸਿਰਜੇ। ਕੁਦਰਤ ਅਤੇ ਪ੍ਰਕਿਰਤੀ ਪ੍ਰਤੀ ਭਾਈ ਸਾਹਿਬ ਦੇ ਪਿਆਰ ਦਾ ਮੂਲ ਪ੍ਰੀਤਮ ਦਾ ਪਿਆਰ ਹੀ ਹੈ। ਗੁਰਬਾਣੀ ਵਿਚ ਇਸ ਗੁਣ ਦੀ ਮਹਿਮਾ ਇਸ ਪ੍ਰਕਾਰ ਹੈ :

**ਤੇਰੇ ਬੰਕੇ ਲੋਇਣ ਦੰਤ ਰੀਸਾਲਾ॥**
**ਸੋਹਣੇ ਨਕ ਜਿਨ ਲੰਮੜੇ ਵਾਲਾ॥**
**ਕੰਚਨ ਕਾਇਆ ਸੁਇਨੇ ਕੀ ਢਾਲਾ॥**

(ਅੰਗ ੫੬੭)

ਇਹੀ ਗੁਣ ਭਾਈ ਸਾਹਿਬ ਦੀ ਕਵਿਤਾ ਵਿਚ ਵੀ ਸਮਾਇਆ ਹੋਇਆ ਹੈ:

ਮੇਰੇ ਸਾਈਆਂ!
ਸਿਆਣ ਲੈਂਦੇ ਹਣ ਨੈਣਾਂ ਵਾਲੇ ਤੈਨੂੰ
ਤੇਰੀ ਡੁਲ੍ਹ ਡੁਲ੍ਹ ਪੈ ਰਹੀ ਸੁੰਦਰਤਾ ਤੋਂ
ਜੋ ਨਜ਼ਾਰਿਆਂ ਤੋਂ ਨਜ਼ਰਾਂ ਤੇ ਪਈ ਪੈਂਦੀ ਏ।

(ਮੇਰੇ ਸਾਈਆਂ ਜਿਓ, ਪੰਨਾ 27)

ਇਸ ਉਦਾਹਰਨ ਤੋਂ ਇਹ ਸਮਝਣਾ ਸੌਖਾ ਹੋ ਜਾਂਦਾ ਹੈ ਕਿ ਭਾਈ ਸਾਹਿਬ ਦੀ ਵਿਚਾਰਧਾਰਾ, ਖ਼ਿਆਲ ਅਤੇ ਸੋਚਣੀ ਦਾ ਕੇਂਦਰ ਬਿੰਦੂ ਗੁਰਮਤਿ ਫ਼ਿਲਾਸਫ਼ੀ ਤੇ ਗੁਰਬਾਣੀ ਹੈ।

ਭਾਈ ਸਾਹਿਬ ਦੀ ਸੋਚਣ ਤੇ ਲਿਖਣ ਪ੍ਰਕਿਰਿਆ ਹੇਠਲੀ ਪਰਤਾਂ ਵਿਚ ਕੰਮ ਕਰਦੀ ਗੁਰਮਤਿ ਵਿਚਾਰਧਾਰਾ ਅਕਸਰ ਉਹਨਾਂ ਨੂੰ ਕੁਦਰਤ ਦੇ ਵਿਸਮਾਦੀ ਰੂਪ ਵਿਚ ਲੈ ਜਾਂਦੀ ਹੈ। ਭਾਈ ਸਾਹਿਬ ਗੁਰਬਾਣੀ ਦੀ ਇਸ ਪੰਗਤੀ 'ਸਚੇ ਤੇਰੇ ਖੰਡ ਸਚੇ ਬ੍ਰਹਮੰਡ' ਨੂੰ ਚੇਤੇ ਵਿਚ ਰੱਖਦੇ ਹੋਏ ਕੁਦਰਤ ਵਿਚ ਵਸਦੀ ਕਾਦਰ ਦੀ ਹਸਤੀ ਨੂੰ ਪਛਾਣਦੇ ਹਨ ਅਤੇ ਉਸਦੀ ਪੇਸ਼ਕਾਰੀ ਵੀ ਕਰਦੇ ਹਨ। ਉਹਨਾਂ ਮੁਤਾਬਿਕ ਤਾਂ ਪ੍ਰਕਿਰਤੀ ਪਰਮਾਤਮਾ ਦੇ ਪਾਵਨ ਪਵਿੱਤਰ ਹੱਥਾਂ ਨਾਲ ਸਾਜੀ ਹੋਈ ਹੈ। ਗੁਰਮਤਿ ਵਿਚ ਕਾਦਰ ਦੀ ਸਾਜੀ ਹੋਈ ਕੁਦਰਤ ਤੋਂ ਆਨੰਦ ਤੇ ਉਮਾਹ ਹਾਸਲ ਕਰਦੇ ਹੋਏ ਵਾਰੇ ਵਾਰੇ ਜਾਣ ਦਾ ਭਾਵ ਬੜੇ ਸਪਸ਼ਟ ਰੂਪ ਵਿਚ ਪੇਸ਼ ਹੋਇਆ ਹੈ :

**ਬਲਿਹਾਰੀ ਕੁਦਰਤਿ ਵਸਿਆ॥**
**ਤੇਰਾ ਅੰਤ ਨ ਜਾਈ ਲਖਿਆ॥** (ਅੰਗ ੪੬੯)

ਭਾਈ ਸਾਹਿਬ ਦੀ ਕਵਿਤਾ ਵਿਚ ਵੀ ਗੁਰਮਤਿ ਦੀ ਇਸ ਵਿਚਾਰਧਾਰਾ ਉੱਤੇ ਆਧਾਰਿਤ ਕਵਿਤਾ ਮਿਲਦੀ ਹੈ :

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅਖੀਆਂ ਵਿਚ ਵਜਦਾ,
ਕੁਦਰਤ ਤੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫੀਰੋਜ਼ੀ, ਝਲਕ ਬਲੌਰੀ
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜਬ ਹੋਇ
ਜੀ ਵੇਖ-ਵੇਖ ਨਹੀਂ ਰੱਜਦਾ।

(ਮਟਕ ਹੁਲਾਰੇ, ਪੰਨਾ 65)

ਗੁਰਬਾਣੀ ਦੇ ਬ੍ਰਹਿਮੰਡੀ ਗਿਆਨ ਵਿਚੋਂ ਆਧੁਨਿਕ ਪੰਜਾਬੀ ਕਵਿਤਾ ਦੇ ਨਕਸ਼ ਘੜ ਕੇ ਭਾਈ ਸਾਹਿਬ ਨੇ ਪੰਜਾਬੀ ਕਵਿਤਾ ਨੂੰ ਨਵੀਂ ਸੇਧ ਦਿੱਤੀ ਹੈ। ਉਹਨਾਂ ਦੁਆਰਾ ਖੋਲ੍ਹੇ ਇਨ੍ਹਾਂ ਨਵੇਂ ਰਾਹਾਂ ਕਾਰਨ ਹੀ ਅਜੋਕੇ ਤਣਾਓਪੂਰਨ ਅਤੇ ਚਿੰਤਨਸ਼ੀਲ ਸਮੇਂ ਵਿਚ ਰਹਿੰਦਿਆਂ ਹੋਇਆਂ ਵੀ ਅਧਿਆਤਮ ਤੱਕ ਪੁੱਜਿਆ ਜਾ ਸਕਦਾ ਹੈ। ਭਾਈ ਸਾਹਿਬ ਨੇ ਅਜਿਹਾ ਕਾਵਿ-ਮੰਡਲ ਉਸਾਰਿਆ ਜਿਸ ਰਾਹੀਂ ਗੁਰਮਤਿ ਦੇ ਸੁਹਜ ਰਸ ਨੂੰ ਮਾਨਵੀ ਧਰਾਤਲ 'ਤੇ ਸਿਰਜਿਆ ਜਾ ਸਕੇ। ਬਾਣੀ ਦੀ ਸੁਹਜਾਤਮਕਤਾ ਨਾਲ ਲਬਰੇਜ਼ ਜੋ ਸਿਰਜਣਾ ਭਾਈ ਸਾਹਿਬ ਨੇ ਕੀਤੀ ਉਹ ਉਹਨਾਂ ਤੋਂ ਬਾਅਦ ਦੀ ਪੰਜਾਬੀ ਕਵਿਤਾ ਵਿਚ ਦੁਰਲੱਭ ਹੈ।

ਸਮੁੱਚੇ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਜੀ ਦੇ ਕਾਵਿਕ-ਮੰਡਲ ਦੀ ਮਰਕਜ਼ੀ ਸੁਰ ਦਾ ਮੂਲ ਗੁਰਮਤਿ ਦਰਸ਼ਨ ਅਤੇ ਸਿਧਾਂਤ ਹੈ ਜਿਹਨਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਹੀ ਭਾਈ ਸਾਹਿਬ ਆਪਣੇ ਕਾਵਿ-ਮੰਡਲ ਦੀ ਉਸਾਰੀ ਕਰਦੇ ਹਨ। ਇਸਦੇ ਆਧਾਰ ਤੇ ਹੀ ਅਸੀਂ ਭਾਈ ਵੀਰ ਸਿੰਘ ਜੀ ਨੂੰ ਗੁਰਮਤਿ ਦਾ ਇਕ ਅਧਿਆਤਮਕ ਢਾਡੀ ਕਵੀ ਵੀ ਆਖਦੇ ਹਾਂ।

❖ **ਦਵਿੰਦਰ ਸਿੰਘ ਦਵੀ**, ਖੋਜ-ਵਿਦਿਆਰਥੀ
ਫ਼ੋਨ: 9958070081

# ਭਾਈ ਵੀਰ ਸਿੰਘ ਦੀਆਂ ਕਸ਼ਮੀਰ ਸੰਬੰਧੀ ਕਵਿਤਾਵਾਂ ਦਾ ਪਾਠ-ਬੋਧ

❖ **ਸੁਰਜੀਤ ਪਾਤਰ**

ਜਿਹੜੇ ਵਾਕਾਂ ਨਾਲ ਭਾਈ ਵੀਰ ਸਿੰਘ ਹੋਰਾਂ ਦੀ ਕਾਵਿਕ ਹੋਂਦ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਇਕ ਬਹੁ-ਪ੍ਰਚੱਲਿਤ ਵਾਕ ਇਹ ਹੈ ਕਿ ਭਾਈ ਵੀਰ ਸਿੰਘ ਕੁਦਰਤ ਦੇ ਕਵੀ ਹਨ। ਇਹ ਸਹੀ ਹੈ ਕਿ ਕੁਦਰਤ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਭਰਪੂਰ ਰੂਪ ਵਿਚ ਰਮੀ ਹੋਈ ਹੈ, ਰੁੱਖ, ਵੇਲਾਂ, ਬੂਟੇ, ਝਰਨੇ, ਚਸ਼ਮੇ, ਝੀਲਾਂ, ਨਦੀਆਂ ਉਨ੍ਹਾਂ ਦੇ ਕਾਵਿ-ਸੰਸਾਰ ਵਿਚ ਥਾਂ-ਪਰ-ਥਾਂ ਵਿਦਮਾਨ ਹਨ। ਕਸ਼ਮੀਰ ਬਾਰੇ ਲਿਖੀਆਂ ਗਈਆਂ ਇਨ੍ਹਾਂ ਕਵਿਤਾਵਾਂ ਵਿਚ ਤਾਂ ਖ਼ਾਸ ਕਰ ਕੇ ਕੁਦਰਤ ਦਾ ਜਮਾਲ ਦਿਖਾਈ ਦਿੰਦਾ ਹੈ ਪਰ ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਸਿਰਫ਼ ਕੁਦਰਤ ਬਾਰੇ ਹੀ ਨਹੀ ਸਗੋਂ ਇਨ੍ਹਾਂ 'ਚ ਕਸ਼ਮੀਰ ਦੀ ਧਰਤ ਦੇ ਉਹ ਦ੍ਰਿਸ਼ ਵੀ ਹਨ ਜਿਹੜੇ ਉਨ੍ਹਾਂ ਕੋਲੋਂ 'ਮੰਦਰ ਮਾਰਤੰਡ ਦੇ ਖੰਡਰ' ਜਿਹੀਆਂ ਕਵਿਤਾਵਾਂ ਲਿਖਵਾਉਂਦੇ ਹਨ। ਮਾਰਤੰਡ ਦਾ ਮੰਦਰ ਜਿਹੜਾ ਅੱਠਵੀਂ ਸਦੀ ਵਿਚ ਕਰਕੋਟਾ ਵੰਸ਼ ਦੇ ਮਹਾਰਾਜਾ ਲਲਿਤਆਦਿਤਯਾ ਮੁਕਤਪੀਡ ਨੇ ਬਣਵਾਇਆ ਸੀ ਤੇ ਪੰਦਰ੍ਹਵੀਂ ਸਦੀ ਦੇ ਆਰੰਭ ਵਿਚ ਸਿਕੰਦਰ ਬੁੱਤਸ਼ਿਕਨ ਨੇ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇਸ ਬਾਰੇ ਭਾਈ ਵੀਰ ਸਿੰਘ ਹੋਰਾਂ ਦੀਆਂ ਦੋ ਛੋਟੀਆਂ-ਛੋਟੀਆਂ ਬਹੁਤ ਖ਼ੂਬਸੂਰਤ ਕਵਿਤਾਵਾਂ, ਇਸ ਸਿਰਜਣਾ ਨੂੰ ਇਸ ਤਰ੍ਹਾਂ ਬਰਬਾਦ ਕਰਨ ਪਿੱਛੇ ਕੰਮ ਕਰਨ ਵਾਲੀ ਸੋਚ ਉੱਤੇ ਚੋਟ ਕਰਦੀਆਂ ਹਨ:

ਮਾਰਤੰਡ ਨੂੰ ਮਾਰ ਪਿਆਂ, "ਹੋਈ ਮੁੱਦਤ" ਕਹਿੰਦੀ ਲੋਈ।
ਪਰ ਕੰਬਣੀ ਪੱਥਰਾਂ ਵਿਚ ਹੁਣ ਤੱਕ, ਸਾਨੂੰ ਸੀ ਸਹੀ ਹੋਈ:
ਹਾਇ ਹੁਨਰ ਤੇ ਹਾਇ ਵਿੱਦਿਆ, ਹਾਇ ਦੇਸ਼ ਦੀ ਤਾਕਤ,
"ਹਾਇ ਹਿੰਦ ਫਲ ਫਾੜੀਆਂ ਵਾਲੇ", ਹਰ ਸਿੱਲ ਕਹਿੰਦੀ ਰੋਈ।

ਏਸੇ ਤਰ੍ਹਾਂ ਅੱਠਵੀਂ ਤੇ ਨੌਵੀਂ ਸਦੀ ਦੌਰਾਨ ਉਸਾਰੇ ਅਵਾਂਤੀਪੁਰੇ ਦੇ ਮੰਦਰਾਂ ਦੇ ਖੰਡਰ ਭਾਈ ਵੀਰ ਸਿੰਘ ਹੋਰਾਂ ਦੀ ਇਕ ਕਵਿਤਾ ਵਿਚ ਬਹੁਤ ਮਾਰਮਿਕ ਰੂਪ ਵਿਚ ਅੰਕਿਤ ਹੋਏ ਮਿਲਦੇ ਹਨ:

ਅਵਾਂਤੀ ਪੁਰਾ ਕੀ ਰਹਿ ਗਿਆ ਬਾਕੀ, ਦੋ ਮੰਦਰਾਂ ਦੇ ਢੇਰ
ਬੀਤ ਚੁੱਕੀ ਸਭਯਤਾ ਦੇ ਖੰਡਰ ਦੱਸਦੇ ਸਮੇਂ ਦੇ ਫੇਰ,
ਸਾਖੀ ਭਰ ਰਹੇ ਓਸ ਅੱਖ ਦੀ ਜਿਸ ਵਿਚ ਮੋਤੀਆ-ਬਿੰਦ
'ਹੁਨਰ ਪਛਾਣਨ' ਵੱਲੋਂ ਛਾਇਆ, ਗੁਣ ਦੀ ਰਹੀ ਨਾ ਜਿੰਦ
'ਜੋਸ਼ ਮਜ਼ਹਬ' ਤੇ 'ਕਦਰ-ਹੁਨਰ' ਦੀ ਰਹੀ ਨ ਠੀਕ ਤਮੀਜ਼,
ਰਾਜ਼ੀ ਕਰਦੇ ਹੋਰਾਂ ਤਾਈਂ ਆਪੂੰ ਬਣੇ ਮਰੀਜ਼।
ਬੁਤ ਪੂਜਾ? 'ਬੁਤ' ਫੇਰ ਹੋ ਪਏ 'ਹੁਨਰ' ਨ ਪਰਤਯਾ ਹਾਇ।
ਮਰ ਮਰ ਕੇ 'ਬੁੱਤ' ਫੇਰ ਉਗਮ ਪਏ 'ਗੁਣ' ਨੂੰ ਕੌਣ ਜੀਵਾਇ?

ਭਾਈ ਵੀਰ ਸਿੰਘ ਹੋਰਾਂ ਦੀਆਂ ਕਵਿਤਾਵਾਂ ਵਿਚ ਕਸ਼ਮੀਰ ਦੇ ਧਰਤ ਦ੍ਰਿਸ਼ ਦਾ ਬਹੁਤ ਸੰਵੇਦਨਸ਼ੀਲ ਬਿਆਨ ਮਿਲਦਾ ਹੈ, ਇਸ ਵਿਚ ਕਸ਼ਮੀਰ ਦਾ ਸਿਰਫ਼ ਭੂਗੋਲ ਹੀ ਸ਼ਾਮਿਲ ਨਹੀਂ, ਉਸ ਦਾ ਇਤਿਹਾਸ ਵੀ ਸ਼ਾਮਿਲ ਹੈ, ਖ਼ਾਸ ਕਰ ਕੇ ਉਨ੍ਹਾਂ ਦੀ ਲੰਮੀ ਕਵਿਤਾ 'ਦੁਮੇਲ ਦੇ ਪਾਣੀਆਂ ਦਾ ਨਾਦ'। ਦੁਮੇਲ ਉਹ ਜਗ੍ਹਾ ਹੈ ਜਿੱਥੇ ਦਰਿਆ ਜਿਹਲਮ ਅਤੇ ਦਰਿਆ ਕਿਸ਼ਨਗੰਗਾ ਮਿਲਦੇ ਹਨ। ਇਸ ਕਵਿਤਾ ਤੋਂ ਕਸ਼ਮੀਰ ਦੇ ਪੰਜਾਬ ਅਤੇ



ਸਿੱਖ ਪੰਥ ਨਾਲ ਗਹਿਰੇ ਰਿਸ਼ਤੇ ਦੀ ਵੀ ਥਾਹ ਮਿਲਦੀ ਹੈ (ਇਹ ਥਾਹ ਕਵਿਤਾ 'ਚਸ਼ਮਾ ਮਟਨ ਸਾਹਿਬ' ਵਿਚੋਂ ਵੀ ਪਾਈ ਜਾ ਸਕਦੀ ਹੈ)। 'ਦੁਮੇਲ ਦੇ ਪਾਣੀਆਂ ਦੇ ਨਾਦ' ਵਿਚ ਕਮਾਲ ਦੀ ਗੱਲ ਇਹ ਵੀ ਹੈ ਕਿ ਇਸ ਧਰਤ-ਖੰਡ ਦੇ ਸਾਰੇ ਦੁੱਖਾਂ, ਸੁੱਖਾਂ, ਤਬਾਹੀਆਂ, ਪੁਨਰਵਾਸਾਂ ਦੇ ਇਤਿਹਾਸ ਦੌਰਾਨ ਦੁਮੇਲ ਦੇ ਪਾਣੀਆਂ ਨੇ ਆਪਣਾ ਗੀਤ ਨਹੀਂ ਬਦਲਿਆ। ਇਹ ਆਪਣੀ ਓਸੇ ਅਮਰ ਧੁਨ ਵਿਚ ਗਾਉਂਦਾ ਰਿਹਾ:

ਦਿਨੇ ਰਾਤੀਂ ਚਲੇ ਪਰਵਾਹ ਤੇਰਾ। ਤੇ ਬੇਪਰਵਾਹ ਛਿੜਿਆ ਰਾਗ ਤੇਰਾ।
ਇਕੋ ਧੁਨ ਮਸਤ ਧੁਨ ਤੂੰ ਲਾ ਰਿਹਾ ਹੈਂ। ਇੱਕੋ ਸੁਰ ਛੇੜ ਕੇ ਤੂੰ ਗਾ ਰਿਹਾ ਹੈਂ।

ਇਹ ਰਾਗ ਕੁਦਰਤ ਦਾ ਰਾਗ ਹੈ, ਇਹ ਰਾਗ ਉਸ ਸੁਰਤੀ ਦਾ ਰਾਗ ਹੈ ਜਿਹੜੀ ਜੀਵਨ ਦੇ ਸਦੀਵੀ ਸੱਚੇ ਮਕਸਦ ਨਾਲ ਜੁੜੀ ਹੈ। ਇਹ ਸੂਫ਼ੀਆਂ ਦਾ ਰਾਗ ਹੈ, ਇਹ ਭਗਤਾਂ ਦਾ ਰਾਗ ਹੈ, ਇਹ ਭਾਈ ਵੀਰ ਸਿੰਘ ਦਾ ਰਾਗ ਹੈ। ਭਾਈ ਵੀਰ ਸਿੰਘ ਹੋਰਾਂ ਦੀਆਂ ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਉਨ੍ਹਾਂ ਪਾਣੀਆਂ ਵਰਗੀਆਂ ਹਨ ਜਿਹੜੇ ਧਰਤੀ ਦੇ ਦੁੱਖਾਂ-ਸੁੱਖਾਂ ਦੇ ਵਸੇਬਿਆਂ-ਉਜਾੜਿਆਂ ਕੋਲੋਂ ਲੰਘਦੇ ਹਨ ਤਾਂ ਇਨ੍ਹਾਂ ਦੇ ਪਾਣੀਆਂ ਦਾ ਵਹਿਣ, ਰੰਗ ਤੇ ਤੋਰ ਬਦਲ ਜਾਂਦੀ ਹੈ ਪਰ ਇਨ੍ਹਾਂ ਪਾਣੀਆਂ ਨੂੰ ਆਪਣੀ ਮੰਜ਼ਿਲ ਨਹੀਂ ਭੁੱਲਦੀ । ਇਸ ਮੰਜ਼ਿਲ ਦਾ ਜ਼ਿਕਰ ਭਾਈ ਵੀਰ

ਸਿੰਘ ਕਸ਼ਮੀਰ ਦੇ ਚਸ਼ਮੇ 'ਇੱਛਾਬਲ' ਬਾਰੇ ਲਿਖੀ ਮਸ਼ਹੂਰ ਕਵਿਤਾ 'ਚ ਕਰਦੇ ਹਨ। ਇਸ ਕਵਿਤਾ ਵਿਚ ਮਾਨਵੀ ਲਗਨ, ਸਿਦਕ, ਪਿਆਰ ਅਤੇ ਸਦਾ ਮੁਸਾਫ਼ਿਰ ਰਹਿਣ ਦਾ ਉਮਾਹ ਭਰਿਆ ਸੁਨੇਹਾ ਹੈ:

ਸੰਝ ਹੋਈ ਪਰਛਾਂਵੇਂ ਛੁਪ ਗਏ, ਕਿਉਂ ਇੱਛਾਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ, ਤੇ ਟੁਰਨੋਂ ਬੀ ਨਹਿੰ ਹਾਰੀ।
ਸੈਲਾਨੀ ਤੇ ਪੰਛੀ ਮਾਲੀ, ਹਨ ਸਭ ਆਰਾਮ ਵਿਚ ਆਏ,
ਸਹਿਮ ਸੁਾਦਲਾ ਛਾ ਰਿਹਾ ਸਾਰੇ, ਤੇ ਕੁਦਰਤ ਟਿਕ ਗਈ ਸਾਰੀ।

ਚਸ਼ਮੇ ਦੇ ਜਵਾਬ ਵਿਚ ਹੀ ਉਹ ਸਦੀਵੀ ਗੀਤ ਸ਼ਾਮਲ ਹੈ ਜਿਹੜੇ ਦੁਮੇਲ ਦੇ ਪਾਣੀ ਗਾਉਂਦੇ ਹਨ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ, ਓ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲੱਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨ ਕੋਈ, ਸੋ ਚਾਲ ਪਏ ਨਿੱਤ ਰਹਿੰਦੇ।

ਭਾਈ ਵੀਰ ਸਿੰਘ ਹੋਰਾਂ ਦੀਆਂ ਇਹ ਕਵਿਤਾਵਾਂ ਪੜ੍ਹਦਿਆਂ ਅਸੀਂ ਕਸ਼ਮੀਰ ਦੇ ਧਰਤ-ਦ੍ਰਿਸ਼ ਦੀ ਲਾਸਾਨੀ ਸੁੰਦਰਤਾ ਨੂੰ ਤਾਂ ਮਾਣਦੇ ਹੀ ਹਾਂ ਪਰ ਇਸ ਦੇ ਨਾਲ ਹੀ ਅਸੀਂ ਭਾਈ ਵੀਰ ਸਿੰਘ ਜੀ ਦੀ ਸੰਵੇਦਨਾ, ਜੀਵਨ ਦ੍ਰਿਸ਼ਟੀ ਤੇ ਉਨ੍ਹਾਂ ਦੀ ਸੋਚ ਨਾਲ ਵੀ ਵਾਕਿਫ਼ ਹੁੰਦੇ ਹਾਂ। ਇਹ ਵਾਕਫ਼ੀ ਸਾਨੂੰ ਪਰੋਖ ਰੂਪ ਵਿਚ ਉਨ੍ਹਾਂ ਦੀਆਂ ਤੁਲਨਾਵਾਂ ਤੋਂ ਹੁੰਦੀ ਹੈ ਜਿਹੜੀਆਂ ਤੁਲਨਾਵਾਂ, ਉਨ੍ਹਾਂ ਦੇ ਬਿਆਨ ਨੂੰ ਆਕਰਸ਼ਕ ਅਤੇ ਵਧੇਰੇ ਜੀਵੰਤ ਬਣਾਉਂਦੀਆਂ ਹਨ। ਕਵੀ ਹਾਜ਼ਰ ਵਸਤ ਜਾਂ ਦ੍ਰਿਸ਼ ਦੀ ਤੁਲਨਾ ਕਿਸੇ ਗ਼ੈਰਹਾਜ਼ਰ ਵਸਤ ਜਾਂ ਦ੍ਰਿਸ਼ ਨਾਲ ਕਰਦਾ ਹੈ, ਇਸ ਤੋਂ ਅਸੀਂ ਕਵੀ ਦੇ ਅਵਚੇਤਨ ਨੂੰ ਜਾਣ ਸਕਦੇ ਹਾਂ।

'ਨਸੀਮ ਬਾਗ਼' ਦੀਆਂ ਠੰਢੀਆਂ ਮਿੱਠੀਆਂ ਛਾਵਾਂ ਦੀ ਤੁਲਨਾ ਉਹ ਮਾਵਾਂ ਨਾਲ ਕਰਦੇ ਹਨ। 'ਚਸ਼ਮਾ ਸ਼ਾਹੀ' ਨੂੰ ਉਹ ਕਿਸੇ ਐਸੀ ਸ਼ਖ਼ਸੀਅਤ ਵਾਂਗ ਦੇਖਦੇ ਹਨ ਜਿਸ ਨੂੰ ਹਨੇਰੇ ਅਤੇ ਪੱਥਰਾਂ ਦੇ ਭਾਰ ਰੋਕ ਨਹੀਂ ਸਕਦੇ, ਉਹ ਇਨ੍ਹਾਂ ਸਭਨਾਂ ਦੇ ਬਾਵਜੂਦ ਉੱਮਲ ਕੇ ਬਾਹਰ ਆ ਜਾਂਦਾ ਹੈ ਤੇ ਬੇਪਰਵਾਹੀ ਨਾਲ ਆਪਣਾ ਆਪਾ ਜਹਾਨ ਨੂੰ ਵੰਡਦਾ ਹੈ। 'ਗੰਧਕ ਦਾ ਚਸ਼ਮਾ' ਉਨ੍ਹਾਂ ਲਈ ਕਿਸੇ ਦਇਆਵਾਨ ਵੈਦ ਵਾਂਗ ਹੈ ਜੋ ਦੁਨੀਆ ਦੇ ਰੋਗਾਂ ਦਾ ਨਿਵਾਰਨ ਕਰਨ ਲਈ ਜਹਾਨ 'ਤੇ ਆਇਆ ਹੈ। 'ਅੱਫਰਵਾਟ ਦੀ ਚੋਟੀ' ਉਨ੍ਹਾਂ ਦੀ ਕਵਿਤਾ ਦਿਗੰਬਰ ਵੇਸ ਪਹਿਨੀ ਕੁਆਰੀ ਕੁਦਰਤ ਵਾਂਗ ਹੈ। 'ਨਿਸ਼ਾਤ ਬਾਗ਼' ਨੂੰ ਉਹ ਕਿਸੇ ਬਾਦਸ਼ਾਹ ਵਾਂਗ ਦੇਖਦੇ ਹਨ ਜੋ ਪਰਬਤ ਦੀ ਗੋਦੀ ਵਿਚ ਬਿਰਾਜਮਾਨ ਹੈ। ਜਿਸ ਦੇ ਦੁਆਲੇ ਟਿੱਲੇ ਪਹਿਰੇਦਾਰਾਂ ਵਾਂਗ ਖੜ੍ਹੇ ਹਨ। 'ਡੱਲ' ਝੀਲ ਸਜੇ ਹੋਏ ਦਰਬਾਰ ਵਾਂਗ ਹੈ। ਸੱਜੇ ਖੱਬੇ ਰੁੱਖ ਚੋਬਦਾਰ ਪਹਿਰੇਦਾਰਾਂ ਵਾਂਗ ਖੜ੍ਹੇ ਹਨ। ਡੱਲ ਝੀਲ ਦੇ ਝੂਮਦੇ ਕੰਵਲ ਕੁਹਕਾਫ਼ ਦੀਆਂ ਪਰੀਆਂ ਜਾਪਦੇ ਹਨ। 'ਮਾਨਸ ਬਲ' ਵਿਚ ਕਿਸੇ ਪੁਰਾਣੀ ਬਾਤ ਜਿਹਾ ਦਿਲਚਸਪ ਮਾਹੌਲ ਹੈ ਜਿਸ ਵਿਚ ਦਿਓ ਤੇ ਪਰੀ ਦੀ ਸ਼ਮੂਲੀਅਤ ਹੈ। 'ਗਗਰੀ ਨਾਗ' ਉਸ ਵਿਅਕਤੀ ਵਾਂਗ ਹੈ ਜੋ ਜਗਤ ਦੀ ਮੈਲ ਧੋਂਦਾ ਥੱਕ ਗਿਆ ਤੇ ਹੁਣ ਬੁਲੰਦੀਆਂ ਉੱਪਰ ਆਰਾਮ ਫ਼ੁਰਮਾ ਰਿਹਾ ਹੈ। 'ਕੁੱਕੜ ਨਾਗ' ਕਿਸੇ ਨਟਖਟ ਬਾਲ ਵਾਂਗ ਗੀਟਿਆਂ ਨਾਲ ਖੇਡਦਾ ਨੱਚਦਾ ਜਾ ਰਿਹਾ ਹੈ। 'ਇੱਛਾਬਲ' ਦਾ ਵਹਿਣ ਕਿਸੇ ਪ੍ਰੇਮ-ਰੱਤੇ ਇਨਸਾਨ ਦੀ ਯਾਦ ਕਰਵਾਉਂਦਾ ਹੈ ਜਿਹੜਾ ਆਪਣੇ ਪਿਆਰੇ ਦੇ ਵਸਲ ਲਈ ਦਿਨ-ਰਾਤ ਤੁਰ ਰਿਹਾ ਹੈ।ਕਵਿਤਾ 'ਸ਼ਾਲਾਮਾਰ' ਵਿਚ ਚਨਾਰ ਜੋਗੀਆਂ ਵਾਂਗ ਖੜ੍ਹੇ ਹਨ। 'ਵੈਰੀ ਨਾਗ' ਦੀ ਝਲਕ ਵਿਚੋਂ ਉਹ ਬਿਨਾ ਸਾਜ਼ ਆਵਾਜ਼ ਹੀ ਸੰਗੀਤ ਰਸ ਮਾਣਦੇ ਹਨ ਤੇ ਉਸ ਦੀ ਚੁੱਪ ਵਿਚੋਂ ਕਵਿਤਾ ਸੁਣਦੇ ਹਨ। 'ਗਨੇਸ਼ਪੁਰ ਦੇ ਟਿੱਬੇ ਦੀਆਂ ਜੂਹਾਂ' ਦੀਆਂ ਚੀੜ੍ਹਾਂ ਦੇ ਚਸ਼ਮਿਆਂ ਦੀ ਆਵਾਜ਼ ਵਿਚੋਂ ਉਹ ਬਾਬਾ ਨਾਨਕ ਦੀ ਆਵਾਜ਼ ਸੁਣਦੇ ਹਨ:

ਐਉਂ ਜਾਪੇ ਜਿਉਂ ਵਾਜ ਇਲਾਹੀ, ਗੁਰੂ ਨਾਨਕ ਦੀ ਆਵੇ
ਨਾਲ ਅਯਾਲੀ ਗੋਸ਼ਟ ਕਰਦੇ, ਨਦਰਾਂ ਪਾ ਪਾ ਮਿੱਠੀਆਂ

ਡੱਲ ਦੇ ਪਾਣੀ ਨੂੰ ਉਹ ਕਿਸੇ ਅਨੰਤ ਖ਼ਿਮਾਸ਼ੀਲ ਵਿਅਕਤੀ ਦੇ ਰੂਪ ਵਿਚ ਵੇਖਦੇ ਹਨ:

ਡੱਲ ਦੇ ਪਾਣੀ ਹੱਸ ਅੱਜ ਬੋਲੇ, ਤੱਕ ਅਸਾਂ ਵੱਲ ਭਾਈ।
ਜੀ ਆਇਆਂ ਆਖਾਂ ਮੈਂ ਜਿਸ ਨੂੰ, ਕਿਸ਼ਤੀ ਓਨ ਚਲਾਈ।
ਵੰਝ ਖੁਭੋਵੇ, ਚੱਪੇ ਮਾਰੇ, ਟੋਰ ਕਿਸ਼ਤੀਆਂ ਚੀਰੇ,
ਮੈ ਝੱਲਾਂ ਦਿਲ ਵੱਟ ਨ ਲਿਆਵਾਂ, ਝੱਟ ਪੱਟ ਜ਼ਖ਼ਮ ਮਿਲਾਈ।

ਭਾਈ ਵੀਰ ਸਿੰਘ ਦੀਆਂ ਕਸ਼ਮੀਰ ਬਾਰੇ ਕਵਿਤਾਵਾਂ ਦੀ ਇਹ ਕਿਤਾਬ ਬਹੁਤ ਦਿਲਕਸ਼ ਅਤੇ ਮੁੱਲਵਾਨ ਹਨ। ਇਸ ਪੁਸਤਕ ਵਿਚ ਅਸੀਂ ਮਹਾਂਕਵੀ ਭਾਈ ਵੀਰ ਸਿੰਘ ਜੀ ਦੀਆਂ ਸੁਹਜਮਈ ਨਜ਼ਰਾਂ ਰਾਹੀਂ, ਉਨ੍ਹਾਂ ਦੀ ਕਮਾਲ ਦੀ ਭਾਸ਼ਾ ਵਿਚ ਕਸ਼ਮੀਰ ਨੂੰ ਦੇਖਦੇ ਹਾਂ, ਕਸ਼ਮੀਰ ਦੇ ਇਤਿਹਾਸ ਨੂੰ ਦੇਖਦੇ ਹਾਂ, ਕਸ਼ਮੀਰ ਦੇ ਆਨੰਦ ਅਤੇ ਉਸ ਦੇ ਦਰਦ ਨੂੰ ਵੀ ਨਿਹਾਰਦੇ ਹਾਂ ਪਰ ਨਾਲ ਦੀ ਨਾਲ ਅਸੀਂ ਭਾਈ ਵੀਰ ਸਿੰਘ ਹੋਰਾਂ ਦੇ ਕਾਵਿਕ ਮਨ ਦੇ ਵੀ ਦੀਦਾਰ ਕਰਦੇ ਹਾਂ। ਇਨ੍ਹਾਂ ਕਵਿਤਾਵਾਂ ਵਿਚ ਮਾਨਵਤਾ ਲਈ ਇਕ ਮਹਾਨ ਸੰਦੇਸ਼ ਵੀ ਰਮਿਆ ਹੋਇਆ ਹੈ ਕਿ ਇਸ ਧਰਤੀ ਦੇ ਕਣ ਕਣ ਵਿਚ, ਘਟ ਘਟ ਵਿਚ, ਹਰ ਪ੍ਰਾਣੀ ਵਿਚ, ਹਰ ਦਿਲ ਵਿਚ ਰੱਬ ਦਾ ਵਾਸ ਹੈ। ਮੰਦਰ, ਮਸਜਿਦ, ਗੁਰਦੁਆਰੇ ਹੀ ਨਹੀਂ ਸਾਰੀ ਸ੍ਰਿਸ਼ਟੀ, ਹਰ ਦਿਲ, ਹਰ ਕਣ ਹੀ ਰੱਬ ਦਾ ਘਰ ਹੈ:

ਮਾਰ ਪਈ ਜਦ ਮਾਰਤੰਡ ਨੂੰ, ਪੱਥਰ ਰੋ ਕੁਰਲਾਣੇ।
ਪੱਥਰ ਤੋੜੇਂ? ਦਿਲ ਪਏ ਟੁੱਟਦੇ, ਦਿਲ ਕਾਬਾ ਰੱਬਾਣੇ।
ਲਾਇ ਹਥੌੜਾ ਸਾਨੂੰ? ਪਰ ਤੱਕ! ਸੱਟ ਪਏ 'ਰੱਬ-ਘਰ' ਨੂੰ,
ਘਟ ਘਟ ਦੇ ਵਿਚ ਵਸਦਾ ਜਿਹੜਾ, ਤੂੰ ਕਿਹਨੂੰ ਰੱਬ ਸਿਞਾਣੇ?

ਇਨ੍ਹਾਂ ਕਵਿਤਾਵਾਂ ਦਾ ਸੁਹਜ ਭਰਿਆ ਅੰਗਰੇਜ਼ੀ ਅਨੁਵਾਦ, ਇਨ੍ਹਾਂ ਕਵਿਤਾਵਾਂ ਨੂੰ ਇਕ ਵਿਸ਼ਾਲ ਪਾਠਕ ਵਰਗ ਲਈ ਸੁਲੱਭ ਬਣਾ ਦੇਵੇਗਾ। ਅਸੀਂ ਕਸ਼ਮੀਰ ਦੇ ਹੁਸਨ ਨੂੰ ਤੇ ਭਾਈ ਵੀਰ ਸਿੰਘ ਹੋਰਾਂ ਦੇ ਹੁਸਨ-ਏ-ਬਿਆਂ ਨੂੰ ਦੂਰ ਦੂਰ ਤੱਕ ਫੈਲਦਾ ਦੇਖ ਸਕਾਂਗੇ। ਭਾਈ ਵੀਰ ਸਿੰਘ ਹੋਰਾਂ ਦੀਆਂ ਕਸ਼ਮੀਰ-ਕਵਿਤਾਵਾਂ ਦੇ ਸੰਕਲਨ ਅਤੇ ਅਨੁਵਾਦ ਦੇ ਵਿਚਾਰ ਲਈ ਤੇ ਇਸ ਦੇ ਅਦਭੁਤ ਪ੍ਰਕਾਸ਼ਨ ਲਈ ਮੈਂ ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਇਸ ਦੇ ਰੂਹੇ-ਰਵਾਂ ਡਾ. ਮਹਿੰਦਰ ਸਿੰਘ ਹੋਰਾਂ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਭਾਈ ਵੀਰ ਸਿੰਘ ਹੋਰਾਂ ਦੀ ਸੋਭਾਵੰਤ ਸ਼ਖ਼ਸੀਅਤ, ਉਨ੍ਹਾਂ ਦੀ ਮਹਾਨ ਪ੍ਰਤਿਭਾ ਤੇ ਉਨ੍ਹਾਂ ਦੇ ਬਹੁਪੱਖੀ ਯੋਗਦਾਨ ਨੂੰ ਪ੍ਰਣਾਮ ਕਰਦਾ ਹਾਂ। ਕਸ਼ਮੀਰ ਦੀ ਧਰਤੀ 'ਤੇ ਇਸ ਦੇ ਪਿਆਰੇ ਲੋਕਾਂ ਨੂੰ ਆਪਣਾ ਪਿਆਰ ਅਰਪਿਤ ਕਰਦਾ ਹਾਂ। ਇਸ ਕਾਵਿ ਪੁਸਤਕ ਦੇ ਪਾਠਕਾਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਇਸ ਪੁਸਤਕ ਵਿਚੋਂ ਦਿਗੰਬਰ ਕੁਦਰਤ ਦੀ ਅਨੂਠੀ ਖ਼ੂਬਸੂਰਤੀ, ਭਾਈ ਵੀਰ ਸਿੰਘ ਹੋਰਾਂ ਦੀ ਮਹਾਨ ਕਾਵਿਕ ਪ੍ਰਤਿਭਾ ਦੀ ਸੁਹਜ-ਸਿਰਜਣਾ ਦੇ ਜਲੌਅ ਅਤੇ ਪੱਥਰਾਂ ਦੀ ਸਦੀਵੀ ਥਰਥਰਾਹਟ ਨੂੰ ਮਹਿਸੂਸ ਕਰਨਗੇ।

**-ਕਸ਼ਮੀਰ : ਟੁਕੜੀ ਜੱਗ ਤੋਂ ਨਿਆਰੀ**

# Bhai Vir Singh - A Literary Giant

❖ Dr. Mohinder Singh*

Late nineteenth century saw the emergence of three prominent men in the Sikh community who were destined to play a significant role in shaping the course of events for years to come. They were S. Sunder Singh Majithia, S. Trilochan Singh and Bhai Vir Singh. While all the three excelled in different fields, they worked in complete harmony for the attainment of their common objective of bringing about renaissance in the Sikh community. Among themselves they formed, so to say, a durable triangle the three sides of which represented the best in Sikh politics, economy and literature.


S. Tarlochan Singh, Bhai Vir Singh & S. Sunder Singh Majithia

Eldest of the trio, Bhai Vir Singh was born on 5th December, 1872, in a family which had deep historical and scholarly roots. Historical importance of the family goes to the middle of the eighteenth century when Diwan Kaura Mal earned laurels because of his heroic role in the battle of Ram Rauni. Bhai Vir Singh's father Dr. Charan Singh was not only a popular medical practitioner of his times but had also earned a great name in the world of letters. After having been initiated in the traditional education, young Vir Singh got his grounding in Sikh literature at the feet of his maternal grandfather Giani Hazara Singh. Later, Vir Singh joined the church Mission High School at Amritsar from where he passed his matriculation examination in 1891. With his inherent literary genius and family connections Vir Singh could have easily taken to Braj, Sanskrit or Hindi as was the fashion in those days. Making a departure from the tradition, he decided to work for the promotion of Panjabi language and the Gurmukhi script which till then did not get the status it deserved. It was the pioneering effort of Bhai Vir Singh that brought much needed respect to the so-called *gramin bhasha*. He can be rightly called as the father of modern Panjabi literature because no other litterateur has written and published so much in this language.

Bhai Vir Singh was born at a time when there was a growing religio-political awakening and movements like the Singh Sabha and the Arya Samaj were greatly swaying the young minds. He was both the product of the Singh Sabha Movement as also its guiding spirit. It is a strange coincidence that Vir Singh was born a year before the launching of the Singh Sabha Movement and became one of its chief spokesmen. What distinguishes Bhai Vir Singh from his other contemporaries is the fact that rather than entering into any political controversy or the Arya-Singh Sabha polemics, he decided to work for the spiritual rejuvenation of his community. This he did by providing inspiration from historical past to the demoralised and dejected members of the Sikh community.

Through the efforts of Bhai Vir Singh and other traditional intellectuals the Singh Sabha soon became a force to reckon with. It not only created a new self awareness and confidence in the Sikh faith but also made the members of the community realise their backwardness in various fields. Bhai Vir Singh thought that the only way to take his community out of the prevalent mess was through the propagation of the high ideals and institutions of the Sikh faith and this he did through his novels, poems and other literary works.

With a view to propagating Sikh ideals and institutions Bhai Vir Singh started a Punjabi weekly, the *Khalsa Samachar*. Inspite of high mortality rate among Punjabi papers, the *Khalsa Samachar* has not only been able to survive but celebrated its centenary.

Bhai Vir Singh's devotion for humanity expressed itself in various ways. His primary source of contact

with humanity was through books and he established the Khalsa Tract Society and the Wazir Hind Press. He was also instrumental in establishing an orphanage at Amritsar. He organised the Sikh Educational Committee for the propagation of education in Punjab. Initiative was also taken in creating movement for the upliftment of the so-called 'Untouchables'. Besides starting an institution for the blind at Amritsar, he also established a free Homeopathic Hospital at the same place. Inspite of being involved in so many projects he preferred to remain in the background. His books never carried his name and he liked anonymity. It was only in the later years of his humble and unassuming life that his services to the literary arts, philosophy, religion and humanity became widely known.

During his own life time Bhai Vir Singh had greatly endeared himself to the budding poets, writers and intellectuals. It was the healing touch of Bhai Sahib which reclaimed Prof. Puran Singh. Bhai Vir Singh was especially fond of Lala Dhani Ram Chatrik. Paying his tribute on the eve of Bhai Vir Singh centenary celebrating Lala Dhani Ram Chatrik fondly recalled that how proud he felt in being called Kaka, (a nick-name normally used for a young boy) by Bhai Sahib. His love for another Punjabi poet Khuda Dad was equally overwhelming. When after the partition of India the Punjabi Language Department decided to honour Bhai Vir Singh, he not only declined the offer but also pleaded that the same be conferred either on Khuda Dad or Lala Dhani Ram Chatrik. Basically a spiritual and elevated soul Bhai Vir Singh shunned worldly publicity and glamour. He hardly attended any functions or made any public speech. When persuaded to make a speech on the eve of Sikh Educational Conference at Bombay, where he was to be presented with an *Abhinandan Granth*, the only words he uttered were 'Wahe Guru Ji Ka Khalsa, Wahe Guru Ji Ki Fateh.' He wrote the following lines to express his gratitude :

*"Hum rulte firte, koi baat na poochhta,*
*Gur satguru sang kire hum thape."*

(I was nobody, no one cared for me,
I am honoured because of Satguru's grace).

Again, when he was honored with the *Padam Bhushan* by the Government of India, he declined to participate in the ceremony at the Rashtrapati Bhavan. Later when the Award was presented to him at Amritsar, he suggested the same be placed before the holy Guru Granth Sahib.

Though Bhai Vir Singh did not actively participate in the country's freedom he had clearly provided inspiration to the popular movements through his writings. It was because of this that D. Petrie, a senior C.I.D. official described him as one of the most dangerous persons in Panjab." In a secret C.I.D.

## I ALWAYS THINK OF HIM

I always think of him!

Deeper than thought, unseen and unknown, in me lives this unending thought of him.

A thousand quivering melodies shake my depths.

This thought of him is celestial music.

My soul is now the heaven of song.

A million strings vibrate in me; every moment new and newer, more and more the symphonies roll!

The strings of my soul are strung and tuned to new and newer strains of love; and every moment I give forth sweet joy;

I am an unending song in the thought of him.

I always think of him.

Deeper than thought, unseen and unknown, in me lives the unending thought of him.

(ਕਲਗੀਧਰ ਰੂਪ ਮੋਹਿਆ ਦਿਲ)

❖ **Bhai Vir Singh**
*Translated by Prof. Puran Singh*

Memorandum on Recent Developments in Sikh Politics published in 1911 this is how he describes Bhai Vir Singh : "He (Vir Singh) is Editor and Manager of the *Khalsa Samachar*, a Gurmukhi journal, which is published in Amritsar. Vir Singh is disloyal to the core. The same opinion is entertained of him by local officer... He (Vir Singh) may be safely regarded as a zealous neo-Sikh and throughly anti-British".

While the C.I.D. officials labelled him as anti-British, the nationalist elements described him as a supporter of the British rule. Bhai Sahib believed in strengthening the spiritual heritage rather than indulging in factional politics. For this he also developed differences with some of the Sikh leaders of his time. Master Tara Singh criticised him for his indifference to Sikh politics but later sent a letter of apology from Sitapur Jail in 1949. In the letter Masterji made a fervent appeal to Bhai Sahib to forgive him for the past criticism and requested for providing guidance to the community at the cross roads. In his typical reply Bhai Sahib wrote back that he was nobody to forgive. It was for the Almighty to pardon for the wrongs and sent him a set of *Panj Granthi* Steek to get spiritual sustenance. At a time when the Sikh community and leadership are again at the cross-roads we need men of Bhai Vir Singh's stature and vision to show us the way.

* Director, Bhai Vir Singh Sahitya Sadan

✧ ✧ ✧ ✧ ✧

# ਭਾਈ ਵੀਰ ਸਿੰਘ ਦੀਆਂ ਲਿਖਤਾਂ ਵਿਚ
# ਸਿੱਖ ਸਿਧਾਂਤਾਂ ਦੀ ਪੁਨਰ-ਜਾਗ੍ਰਤੀ

❖ ਡਾ. ਪਰਮਜੀਤ ਕੌਰ ਪਾਹੁਲ

ਭਾਈ ਵੀਰ ਸਿੰਘ ਦੇ ਰਚਨਾਤਮਕ ਕਾਰਜ ਦਾ ਘੇਰਾ ਬਹੁਤ ਵਿਸ਼ਾਲ ਹੈ। ਆਪ ਨੇ ਨਾ ਕੇਵਲ ਆਧੁਨਿਕ ਪੰਜਾਬੀ ਕਵਿਤਾ ਦੀ ਆਧਾਰਸ਼ਿਲਾ ਰੱਖੀ, ਸਗੋਂ ਨਾਵਲ, ਨਾਟਕ ਅਤੇ ਜੀਵਨੀ ਸਾਹਿਤ, ਟੀਕਾਕਾਰੀ, ਸੰਪਾਦਨਾ ਆਦਿ ਖੇਤਰਾਂ ਵਿਚ ਵੀ ਆਪ ਦੀ ਪ੍ਰਤਿਭਾ, ਪ੍ਰਭਾਵਸ਼ਾਲੀ ਅਤੇ ਸ਼ਲਾਘਾਯੋਗ ਹੈ।

ਭਾਈ ਵੀਰ ਸਿੰਘ ਦੀਆਂ ਜਿਨ੍ਹਾਂ ਰਚਨਾਵਾਂ ਦਾ ਸੰਬੰਧ ਸਿੱਖ-ਇਤਿਹਾਸ ਨਾਲ ਹੈ, ਅਸੀਂ ਆਪਣੇ ਨਿਰਧਾਰਿਤ ਵਿਸ਼ੇ ਦੇ ਅਨੁਸਾਰ ਉਨ੍ਹਾਂ ਹੀ ਰਚਨਾਵਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਵਾਂਗੇ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. **ਸ੍ਰੀ ਗੁਰੂ ਨਾਨਕ ਚਮਤਕਾਰ - 1928 ਈ.**
2. **ਸ੍ਰੀ ਗੁਰੂ ਕਲਗੀਧਰ ਚਮਤਕਾਰ - 1925 ਈ.**
3. **ਸ੍ਰੀ ਅਸ਼ਟ ਗੁਰੂ ਚਮਤਕਾਰ - 1951 ਈ.**

1. **ਗੁਰੂ ਨਾਨਕ ਚਮਤਕਾਰ - (1928 ਈ.) :** ਇਸ ਵੱਡ-ਅਕਾਰੀ ਰਚਨਾ ਦੇ ਦੋ ਭਾਗ ਹਨ - ਪੂਰਬਾਰਧ ਅਤੇ ਉਤਰਾਰਧ। ਇਸ ਦੇ ਵੱਖ-ਵੱਖ ਪ੍ਰਸੰਗ ਪਹਿਲਾਂ ਵੱਖ-ਵੱਖ ਟ੍ਰੈਕਟਾਂ ਦੀ ਸ਼ਕਲ ਵਿਚ ਛਪਦੇ ਰਹੇ ਸਨ ਅਤੇ ਮਗਰੋਂ ਇਨ੍ਹਾਂ ਨੂੰ ਇਕ ਸਿਲਸਿਲੇਵਾਰ ਰੂਪ ਵਿਚ ਤਰਤੀਬ ਦੇ ਕੇ ਇਕ ਪੁਸਤਕ ਰੂਪ ਵਿਚ ਛਾਪਿਆ ਗਿਆ। ਟ੍ਰੈਕਟਾਂ ਤੋਂ ਇਲਾਵਾ ਇਸ ਵਿਚ ਨਵੇਂ ਪ੍ਰਸੰਗ ਵੀ ਸ਼ਾਮਲ ਕੀਤੇ ਗਏ ਹਨ। ਇਸ ਸੰਬੰਧੀ **ਗੁਰੂ ਨਾਨਕ ਚਮਤਕਾਰ** ਦੀ ਭੂਮਿਕਾ ਵਿਚ ਭਾਈ ਵੀਰ ਸਿੰਘ ਨੇ ਲਿਖਿਆ ਹੈ ਕਿ "ਪਿਛਲੇ ਪੰਝੀ-ਤੀਹ ਸਾਲਾਂ ਦੇ ਲਿਖੇ ਲੇਖ ਜੋ ਟ੍ਰੈਕਟ, ਅਖ਼ਬਾਰ ਵਿਚ ਜਾਂ ਹੋਰ ਵੀ ਕਿਤੇ ਛਪੇ ਸਨ, ਲਗਭਗ ਸਾਰਿਆਂ ਨੂੰ ਇਸ ਸੰਚਯ ਵਿਚ ਇਕੱਠਾ ਕੀਤਾ ਗਿਆ ਹੈ ਅਤੇ ਕਈ ਪ੍ਰਸੰਗ ਜੋ ਅਜੇ ਨਹੀਂ ਛਪੇ ਹਨ ਨਵੇਂ ਲਿਖ ਕੇ ਪਾਏ ਗਏ ਹਨ।"

ਭਾਈ ਵੀਰ ਸਿੰਘ ਦੀ ਹਰ ਰਚਨਾ ਉਨ੍ਹਾਂ ਦੇ ਜੀਵਨ ਆਦਰਸ਼ ਦਾ ਲਿਸ਼ਕਾਰਾ ਹੈ। ਬੇਸ਼ਕ ਉਹ **ਰਾਣਾ ਸੂਰਤ ਸਿੰਘ** ਨਾਮੀ ਮਹਾਂਕਾਵਿ ਲਿਖ ਰਹੇ ਹੋਣ ਜਾਂ **ਸ੍ਰੀ ਗੁਰੂ ਨਾਨਕ ਚਮਤਕਾਰ** ਉਨ੍ਹਾਂ ਦਾ ਕੇਂਦਰੀ ਬਿੰਦੂ ਇੱਕੋ ਹੈ, ਸਿੱਖ ਧਰਮ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਇਤਿਹਾਸਕ ਤੱਥ ਅਤੇ ਕਾਲਪਨਿਕ ਸੱਚ ਦੁਆਰਾ ਸਾਕਾਰ ਕਰਕੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਵਿਚ ਪੁਨਰ-ਜਾਗ੍ਰਤੀ ਪੈਦਾ ਕਰਨਾ। **ਸ੍ਰੀ ਗੁਰੂ ਨਾਨਕ ਚਮਤਕਾਰ** ਅਤੇ **ਸ੍ਰੀ ਗੁਰੂ ਕਲਗੀਧਰ ਚਮਤਕਾਰ** ਦੋਹਾਂ ਦੀ ਭੂਮਿਕਾ ਵਿਚ ਇਹ ਸੰਕੇਤ ਮਿਲਦਾ ਹੈ ਕਿ ਭਾਈ ਵੀਰ ਸਿੰਘ ਨੂੰ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਦੇ ਜੀਵਨ ਲਿਖਣ ਦੀ ਪ੍ਰੇਰਨਾ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਮਿਲੀ। ਜਦੋਂ ਉਨ੍ਹਾਂ ਸਿੱਖ ਧਰਮ ਦੇ ਨਾਲ ਸੰਬੰਧਤ ਗੁਰਧਾਮਾਂ ਵਿਚ ਸਿੱਖੀ ਦੀ ਗਿਰਾਵਟ ਦੀਆਂ ਤਸਵੀਰਾਂ ਵੇਖੀਆਂ। ਭਾਈ ਸਾਹਿਬ ਦੇ ਅਨੁਸਾਰ, "ਉੱਚੇ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਧਾਰਮਿਕ ਟਿਕਾਣਿਆਂ ਤੇ ਉੱਚ ਜੀਵਨ ਵਾਲੇ ਗੁਰਮੁਖ ਬੈਠੇ ਹੋਣ ਤੇ ਪ੍ਰਚਾਰ ਕਰਨ। ਉਨ੍ਹਾਂ ਦੇ ਉਪਦੇਸ਼ ਤੇ ਅਮਲ ਤੋਂ ਉੱਚੇ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਰਨੀ ਤੇ ਕਥਨੀ ਵਾਲੇ ਗੁਰਸਿੱਖਾਂ ਦਾ ਸੰਗ ਪ੍ਰਾਪਤ ਹੋਵੇ।"

ਇਸੇ ਹੀ ਆਦਰਸ਼ ਨੂੰ **ਅਸ਼ਟ ਗੁਰ ਚਮਤਕਾਰ** 1952 ਈ. ਦੀ ਭੂਮਿਕਾ ਵਿਚ ਇਉਂ ਪ੍ਰਗਟ ਕੀਤਾ ਗਿਆ ਹੈ - "ਇਹ ਸਿੱਖੀ ਜੀਵਨ ਦਾ ਇਤਿਹਾਸ ਹੈ ਜੋ ਜੀਵਨ ਦੀਆਂ ਤਸਵੀਰਾਂ ਅੱਖਾਂ ਅੱਗੇ ਲਿਆ ਕੇ ਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕਰਦਾ ਤੇ ਜਾਚ ਸਿਖਲਾਂਦਾ ਹੈ।"

ਇਉਂ ਭਾਈ ਵੀਰ ਸਿੰਘ ਦੁਆਰਾ ਰਚਿਤ ਗੁਰੂ ਸਾਹਿਬਾਂ ਦੇ ਜੀਵਨੀ ਸਾਹਿਤ ਅਤੇ ਪ੍ਰਸਿੱਧ ਗੁਰਸਿੱਖਾਂ ਦੇ ਪ੍ਰਸੰਗ ਇਸੇ ਹੀ ਦ੍ਰਿਸ਼ਟੀਕੋਣ ਤੋਂ ਪਰਖਣੇ ਚਾਹੀਦੇ ਹਨ। ਇਨ੍ਹਾਂ ਨੂੰ ਨਿਰੋਲ ਇਤਿਹਾਸਕ ਦ੍ਰਿਸ਼ਟੀ ਤੋਂ ਵਾਚਣਾ ਠੀਕ ਨਹੀਂ ਹੋਵੇਗਾ, ਇਸੇ ਲਈ ਅਸੀਂ ਆਪਣੇ ਅਧਿਐਨ ਵਿਸ਼ੇ ਲਈ ਇਨ੍ਹਾਂ ਨੂੰ ਪਾਠਗਤ ਦੀ ਵਿਧੀ (Textual) ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਭਾਈ ਸਾਹਿਬ ਨੇ ਇਸ ਗੱਲ ਦੀ ਪੁਸ਼ਟੀ ਇਉਂ ਕੀਤੀ ਹੈ :- "ਅਸਲ ਵਿਚ ਇਹ ਪੁਸਤਕ ਇਤਿਹਾਸ ਮਾਤਰ ਨਹੀਂ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਤੇ ਦਸਾਂ ਗੁਰੂ ਸਾਹਿਬਾਂ ਦੀ ਸਿੱਖਿਆ ਦਾ ਇਤਿਹਾਸ ਦੀ ਬੋਲੀ ਵਿਚ ਅਨੁਵਾਦ ਹੈ।" ਕਿਉਂਕਿ, "ਇਤਿਹਾਸਕਾਰ ਆਮ ਕਰਕੇ ਰਾਜਿਆਂ-ਮਹਾਰਾਜਿਆਂ ਤੇ ਯੁੱਗ ਪੁਰਸ਼ਾਂ ਨਾਲ ਸੰਬੰਧਤ ਰਾਜਸੀ ਘਟਨਾਵਾਂ ਦੇ ਸੰਮਤ ਤੇ ਤਾਰੀਖ਼ਾਂ ਆਦਿ ਦੇ ਸੂਚੀ ਪੱਤਰ ਤਿਆਰ ਕਰਨ ਤੱਕ ਹੀ ਰਹਿ ਜਾਂਦੇ ਹਨ। ਸੋ ਮਹਾਂਪੁਰਖਾਂ, ਅਵਤਾਰਾਂ, ਗੁਰੂ ਤੇ ਭਗਤ ਜਨਾਂ ਦੀ ਸ਼ਖ਼ਸੀਅਤ ਦੇ ਅਧਿਆਤਮਕ ਪੱਖਾਂ ਨੂੰ ਚਿੱਤਰ ਸਕਣਾ ਉਨ੍ਹਾਂ ਦੇ ਖੇਤਰ (ਦਾਇਰੇ) ਤੋਂ ਬਾਹਰੀ ਗੱਲ ਹੈ।"

ਭਾਈ ਵੀਰ ਸਿੰਘ ਦੀਆਂ ਇਨ੍ਹਾਂ ਲਿਖਤਾਂ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਹੀ ਮੂਲ ਮੁੱਦਾ ਸੀ, ਕਿਉਂਕਿ ਦੋਨੋਂ ਹੀ ਚਮਤਕਾਰ ਗੁਰੂ ਨਾਨਕ ਅਤੇ ਕਲਗੀਧਰ ਵੱਖ-ਵੱਖ ਸਮੇਂ ਵਿਚ ਛੋਟੇ-ਛੋਟੇ ਟ੍ਰੈਕਟਾਂ ਦੀ ਸ਼ਕਲ ਵਿਚ ਲਿਖੇ ਗਏ ਹਨ। ਇਸੇ ਕਾਰਨ ਜਦੋਂ ਇਨ੍ਹਾਂ ਨੂੰ ਅਲੱਗ-ਅਲੱਗ ਪੁਸਤਕ ਰੂਪਾਂ ਵਿਚ ਸੰਗ੍ਰਹਿਤ ਕੀਤਾ ਗਿਆ ਤਾਂ ਕਿਤੇ ਨਾ ਕਿਤੇ ਊਣਤਾਈ ਆ ਜਾਣਾ ਸੁਭਾਵਕ ਹੀ ਸੀ, ਪਰ **ਅਸ਼ਟ ਗੁਰੂ ਚਮਤਕਾਰ** ਇਸ ਤਰ੍ਹਾਂ ਦੀ ਊਣਤਾਈ ਤੋਂ ਮੁਕਤ ਹੈ ਕਿਉਂਕਿ ਇਹ ਪੁਸਤਕ ਰੂਪ ਵਿਚ ਹੀ ਲਿਖਣ ਦੇ ਮੰਤਵ ਲਈ ਭਾਈ ਸਾਹਿਬ ਨੇ ਆਰੰਭ ਕੀਤਾ ਸੀ ਪਰ ਅਕਾਲ ਪੁਰਖ ਦੀ ਮੌਜ ਕਿ ਭਾਈ ਸਾਹਿਬ ਪੰਜਵੇਂ ਪਾਤਸ਼ਾਹ ਤੱਕ ਦੇ ਵੇਰਵਿਆਂ ਨੂੰ ਹੀ ਲਿਖ ਸਕੇ ਸਨ ਕਿ 10 ਜੂਨ, 1957 ਈ. ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ, ਅਤੇ ਬਾਅਦ ਵਿਚ ਉਨ੍ਹਾਂ ਦੇ ਭਰਾ ਡਾ. ਬਲਬੀਰ ਸਿੰਘ ਨੇ ਇਸ ਨੂੰ ਪ੍ਰਕਾਸ਼ਿਤ ਕੀਤਾ।

ਭਾਈ ਵੀਰ ਸਿੰਘ ਨੇ ਆਪਣੀਆਂ ਇਨ੍ਹਾਂ ਵੱਡ-ਅਕਾਰੀ ਲਿਖਤਾਂ ਵਿਚ ਨਿਰੇ ਇਤਿਹਾਸ ਨੂੰ ਵੀ ਨਹੀਂ ਬਿਆਨ ਕੀਤਾ ਬਲਕਿ ਉਨ੍ਹਾਂ ਦਾ ਮੂਲ ਮਨੋਰਥ ਸਤਿਗੁਰਾਂ ਦੀ ਬਾਣੀ ਤੇ ਹੁਕਮ ਅਤੇ ਆਦਰਸ਼ ਮਨੁੱਖ ਦਾ ਮਾਡਲ ਜੋ ਗੁਰੂ ਸਾਹਿਬਾਂ ਨੇ ਆਪ ਬਣ ਕੇ ਦੱਸਿਆ ਨੂੰ ਹੀ ਮੁੱਢ ਤੋਂ ਵਾਚਣਾ ਸੀ ਕਿਉਂਕਿ ਭਾਈ ਸਾਹਿਬ ਨੇ **ਪੁਰਾਤਨ ਜਨਮ ਸਾਖੀ, ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼** ਹੋਰ ਪੁਰਾਤਨ ਲਿਖਤਾਂ ਨੂੰ ਆਧਾਰ ਬਣਾਇਆ, ਪਰ ਆਪਣੇ ਪ੍ਰਸੰਗ ਦੀ ਪ੍ਰਮਾਣਿਕਤਾ ਲਈ ਉਨ੍ਹਾਂ ਨੇ ਭਾਈ ਗੁਰਦਾਸ ਦੀ ਰਚਨਾ ਅਤੇ ਆਦਿ ਗੁਰੂ ਗ੍ਰੰਥ ਵਿਚੋਂ ਹੀ ਬਾਣੀ ਦੀਆਂ ਟੂਕਾਂ ਦੇ ਕੇ ਸਪੱਸ਼ਟ ਕੀਤਾ ਹੈ।

"ਕਈ ਆਲੋਚਕਾਂ ਨੇ ਭਾਈ ਵੀਰ ਸਿੰਘ ਨੂੰ ਸਿੱਖ ਸਾਹਿਤਕਾਰ, ਸਿੱਖ ਇਤਿਹਾਸਕਾਰ ਜਾਂ ਸਿੱਖਾਂ ਦਾ ਕਵੀ ਕਹਿ ਕੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਸੰਪ੍ਰਦਾਇਕ ਹੱਦਾਂ ਵਿਚ ਸੀਮਤ ਕਰਨ ਦਾ ਜਤਨ ਕੀਤਾ ਹੈ।" ਜਦ ਕਿ ਭਾਈ ਸਾਹਿਬ ਇਕ ਸਿੱਖ ਇਤਿਹਾਸ ਦੇ ਖੋਜੀ, ਮਹਾਨ ਪ੍ਰਚਾਰਕ ਦੇ ਰੂਪ ਵਿਚ ਸਾਖੀਕਾਰ ਵਜੋਂ ਉੱਭਰਕੇ ਸਾਹਮਣੇ ਆਉਂਦੇ ਹਨ। ਜਦੋਂ ਅਸੀਂ **ਸ੍ਰੀ ਗੁਰੂ ਨਾਨਕ ਚਮਤਕਾਰ** ਵਿਚ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਨੂੰ ਵਾਚਦੇ ਹਾਂ ਤਾਂ ਇਹ ਗੱਲ ਹੋਰ ਵਧੇਰੇ ਸਪੱਸ਼ਟ ਹੋ ਜਾਂਦੀ ਹੈ ਕਿ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਸਾਖੀਆਂ ਦੀ ਪ੍ਰਮਾਣਿਕਤਾ ਲਈ ਆਪਣੀ ਖੋਜੀ ਬਿਰਤੀ ਦਾ ਸਹਾਰਾ ਲਿਆ ਹੈ, ਨਾ ਕਿ ਜਿਸ ਤਰ੍ਹਾਂ ਕੋਈ ਪ੍ਰਸੰਗ ਮਿਲਿਆ ਉਸੇ ਦਾ ਉਤਾਰਾ ਕੀਤਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ 'ਬਗਦਾਦ ਫੇਰੀ' ਵਾਲੀ ਸਾਖੀ ਵਿਚ ਫ਼ਕੀਰ ਬਹਿਲੋਲ ਨਾਲ ਵਾਰਤਾਲਾਪ ਵਾਲੀ ਲਿਖਤ ਦੀ ਨਕਲ ਤੇ ਫ਼ੋਟੋ ਬਗਦਾਦ ਤੋਂ ਮੰਗਵਾਈ ਜੋ ਕਿ ਤੁਰਕੀ ਤੇ ਅਰਬੀ ਜ਼ਬਾਨ ਵਿਚ ਲਿਖੀ ਮਿਲਦੀ ਹੈ।"

ਬੇਸ਼ੱਕ ਭਾਈ ਵੀਰ ਸਿੰਘ ਦੀਆਂ ਲਿਖਤਾਂ ਉੱਤੇ ਕਈ ਸ਼ੋਧ ਪ੍ਰਬੰਧ ਪੁਸਤਕ ਰੂਪਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। **ਭਾਈ ਵੀਰ ਸਿੰਘ ਦੀ ਕਵਿਤਾ**, **ਨਾਵਲਕਾਰ ਭਾਈ ਵੀਰ ਸਿੰਘ** ਡਾ. ਗੁਰਚਰਨ ਸਿੰਘ ਮਹਿਤਾ ਦੁਆਰਾ ਬਹੁਤ ਹੀ ਖੋਜ ਭਰਪੂਰ ਪੁਸਤਕਾਂ ਹਨ। ਪਰ 'ਚਮਤਕਾਰਾਂ' ਉੱਤੇ ਹਾਲੇ ਤੱਕ ਬਹੁਤੀ ਸਮੀਖਿਆ ਸਾਹਮਣੇ ਨਹੀਂ ਆਈ। ਇਸ ਦਾ ਕਾਰਨ ਇਕੋ ਹੀ ਹੋ ਸਕਦਾ ਹੈ ਕਿ ਬਹੁਤੇ ਆਲੋਚਕ ਇਸ ਨੂੰ ਨਿਰੋਲ ਧਾਰਮਿਕ ਲਿਖਤਾਂ ਸਮਝ ਕੇ ਇਕ ਪਾਸੇ ਰੱਖਦੇ ਆਏ ਹਨ। ਜਦ ਕਿ ਜਦੋਂ ਅਸੀਂ ਇਨ੍ਹਾਂ ' ਚਮਤਕਾਰਾਂ' ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਾਚਦੇ ਹਾਂ ਤਾਂ ਭਾਈ ਵੀਰ ਸਿੰਘ ਦੀ ਵਿਸ਼ਾਲ ਦੂਰ-ਅੰਦੇਸ਼ੀ ਸਪੱਸ਼ਟ ਹੁੰਦੀ ਹੈ। ਜਦੋਂ ਅਸੀਂ **ਸ੍ਰੀ ਕਲਗੀਧਰ ਚਮਤਕਾਰ** ਪੁਸਤਕ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਹ ਪੁਸਤਕ ਵੀ **ਗੁਰੂ ਨਾਨਕ ਚਮਤਕਾਰ** ਵਾਂਗ ਪਹਿਲਾਂ ਟ੍ਰੈਕਟਾਂ ਵਿਚ ਛਪਦੀ ਰਹੀ ਸੀ ਅਤੇ ਬਾਅਦ ਵਿਚ ਇਸ ਨੂੰ 1925 ਈ. ਵਿਚ ਭਾਈ ਸਾਹਿਬ ਨੇ ਪ੍ਰਕਾਸ਼ਤ ਕੀਤਾ ਅਤੇ ਉਨ੍ਹਾਂ ਭੂਮਿਕਾ ਵਿਚ ਜ਼ਿਕਰ ਕੀਤਾ ਹੈ ਕਿ **ਗੁਰੂ ਨਾਨਕ ਚਮਤਕਾਰ** ਵਾਂਗ ਇਸ ਦੇ ਅਗਲੇ ਸੰਸਕਰਣਾਂ ਵਿਚ ਪ੍ਰਸੰਗਾਂ ਦੀ ਗਿਣਤੀ ਵਧਾਈ ਜਾਂਦੀ ਰਹੀ ਹੈ। ਇਸ ਦੇ ਵੀ ਦੋ ਭਾਗ ਹਨ, ਪਹਿਲੇ ਵਿਚ 56 ਸਾਖੀਆਂ ਹਨ ਅਤੇ ਦੂਜੇ ਵਿਚ 48 ਇਨ੍ਹਾਂ ਵਿਚੋਂ 20 ਸਾਖੀਆਂ ਕਵਿਤਾ ਵਿਚ ਹਨ। ਪਹਿਲੇ ਭਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਚਰਿੱਤਰ ਅਤੇ ਦੂਸਰੇ ਹਿੱਸੇ ਵਿਚ ਇਤਿਹਾਸਕ ਘਟਨਾਵਾਂ ਨੂੰ ਭਾਈ ਸਾਹਿਬ ਨੇ ਆਪਣੀ ਲੇਖਣੀ ਦੀ ਖ਼ੂਬਸੂਰਤੀ ਨਾਲ ਪ੍ਰਸੰਗਾਂ ਨੂੰ ਰੋਚਕ ਬਣਾਇਆ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਵੱਡ-ਅਕਾਰੀ ਪੁਸਤਕਾਂ ਦੇ 75 ਐਡੀਸ਼ਨ ਪ੍ਰਕਾਸ਼ਤ ਹੋ ਚੁੱਕੇ ਹਨ।

ਇਨ੍ਹਾਂ ਇਤਿਹਾਸ-ਪ੍ਰਧਾਨ ਰਚਨਾਵਾਂ ਵਿਚ ਉਹ ਵਸਤੂ-ਨਿਸ਼ਠ ਦ੍ਰਿਸ਼ਟੀਕੋਣ ਨੂੰ ਛੱਡ ਕੇ ਇਕ ਪ੍ਰਚਾਰਕ ਦੀ ਭੂਮਿਕਾ ਵੀ ਨਿਭਾ ਰਹੇ ਹਨ। ਇਹੀ ਕਾਰਨ ਹੈ ਕਿ ਉਹ ਜਨਮ ਸਾਖੀਆਂ ਅਤੇ ਹੋਰ ਇਤਿਹਾਸ ਪ੍ਰਧਾਨ ਗ੍ਰੰਥਾਂ ਵਿਚ ਦਿੱਤੇ ਵਿਵਰਣ ਨੂੰ ਕਈਆਂ ਥਾਵਾਂ ਤੇ ਉਪ ਪ੍ਰਮਾਣਿਕ ਨਹੀਂ ਮੰਨਦੇ ਅਤੇ ਆਪਣਾ ਨਵਾਂ ਸੁਝਾ ਵੀ ਦਿੰਦੇ ਹਨ। ਇਸੇ ਲਈ ਉਹ ਆਧੁਨਿਕ ਯੁੱਗ ਦੀਆਂ ਵਿਗਿਆਨਕ ਪ੍ਰਾਪਤੀਆਂ ਦੇ ਪ੍ਰਕਾਸ਼ ਵਿਚ ਪੁਰਾਤਨ ਲਿਖਤਾਂ ਨੂੰ ਪੁਨਰ-ਵਿਚਾਰ ਕੇ ਅਜੋਕੀ ਬੁੱਧੀ ਦੇ ਅਨੁਕੂਲ ਬਣਾਉਂਦੇ ਹਨ। ਇਸੇ ਵਿਚ ਹੀ ਲੇਖਕ ਦੀ ਖ਼ੂਬਸੂਰਤੀ ਨਿਹਿਤ ਹੈ।

ਭਾਈ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਅਤੇ ਫਤੇਸ਼ਾਹ ਰਾਜੇ ਵਿਚਕਾਰ 'ਭੰਗਾਣੀ' ਦੇ ਸਥਾਨ ਉੱਤੇ ਹੋਏ ਪਹਿਲੇ ਯੁੱਧ ਦਾ ਵਰਨਣ ਕਰਦਿਆਂ ਲਿਖਿਆ ਹੈ ਕਿ ਗੁਰੂ ਗੋਬਿੰਦ ਸਾਹਿਬ ਦੀ ਯੁੱਧ-ਬੰਦੀ ਬੜੀ ਕਮਾਲ ਦੀ ਸੀ। ਮਾਮਾ ਕਿਰਪਾਲ ਚੰਦ ਜੀ ਦੇ ਸੁਝਾਅ ਤੇ ਪਾਉਂਟੇ ਨੂੰ ਛੱਡ ਕੇ ਪਹਾੜੀ ਦੀ ਚੜ੍ਹਾਈ ਤੇ ਚੜ ਕੇ ਉੱਪਰੋਂ ਤੀਰਾਂ ਨਾਲ ਵੈਰੀ ਦਲ ਤੇ ਹਮਲਾ ਕੀਤਾ ਜਾ ਸਕਦਾ ਹੈ ਜਿਸ ਨਾਲ ਗੁਰੂ ਜੀ ਦੀ ਫ਼ੌਜ ਦਾ ਕੋਈ ਨੁਕਸਾਨ ਨਹੀਂ ਹੋਵੇਗਾ, ਆਦਿ ਪ੍ਰਸੰਗਾਂ ਨੂੰ ਬਹੁਤ ਹੀ ਬਾਰੀਕ ਬੀਨੀ ਨਾਲ ਚਿੱਤਰਿਆ ਹੈ।

ਇਉਂ ਜਦੋਂ ਅਸੀਂ **ਅਸ਼ਟ ਗੁਰ ਚਮਤਕਾਰ** ਦਾ ਪਹਿਲਾ ਭਾਗ ਜੋ ਕਿ 1951 ਈ. ਵਿਚ ਪ੍ਰਕਾਸ਼ਿਤ ਹੋਇਆ, ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਇਸ ਵਿਚ ਸਾਰੇ ਦੇ ਸਾਰੇ ਪ੍ਰਸੰਗ ਜਾਂ ਲੇਖ ਪਹਿਲੀ ਵਾਰ ਪੁਸਤਕ ਰੂਪ ਵਿਚ ਹੀ ਛਾਪੇ ਗਏ ਹਨ। ਜਿੱਥੇ ਪਹਿਲੇ ਚਮਤਕਾਰ ਵਿਚ ਦੁਹਰਾਉ ਅਤੇ ਬਿਆਨੀਆ ਸੁਰ ਵਧੇਰੇ ਪ੍ਰਧਾਨ ਸੀ, ਉਥੇ ਇਸ ਪੁਸਤਕ ਵਿਚ ਬਿਆਨ ਦਾ ਸੁਰ ਸੰਜਮ ਵਿਚ ਹੈ। ਉਦਾਹਰਨ ਲਈ, ਗੁਰੂ ਅੰਗਦ ਦੇਵ ਦੀਆਂ ਪਰਮਾਰਥਵਾਦੀ ਰੁਚੀਆਂ ਬਾਰੇ ਮਾਈ ਵਿਰਾਈ ਅਤੇ ਮਾਤਾ ਖੀਵੀ ਦੀ ਵਾਰਤਾਲਾਪ ਦੇਖੇ ਜਾ ਸਕਦੇ ਹਨ।

ਇਸ ਪੁਸਤਕ ਵਿਚ ਭਾਈ ਸਾਹਿਬ ਨੇ ਚਾਰ ਗੁਰੂ ਸਾਹਿਬਾਂ ਦੇ ਗੁਰਿਆਈ ਤੋਂ ਬਾਅਦ ਦੇ ਪ੍ਰਸੰਗਾਂ ਦਾ ਵਰਨਣ ਕੀਤਾ ਹੈ। ਉਹਨਾਂ ਦੇ ਜੀਵਨ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ ਹੈ। ਪੰਜਵੇਂ ਪਾਤਸ਼ਾਹ ਤੱਕ ਦੇ ਪ੍ਰਸੰਗ ਹੀ ਪ੍ਰਾਪਤ ਹੁੰਦੇ ਹਨ ਕਿਉਂਕਿ 1957 ਈ. ਵਿਚ ਭਾਈ ਸਾਹਿਬ ਪ੍ਰਲੋਕ ਸਿਧਾਰ ਗਏ ਸਨ ਅਤੇ ਉਨ੍ਹਾਂ ਦਾ ਆਰੰਭਿਆ ਕੰਮ ਅੱਧਵਿਚਾਲੇ ਹੀ ਰਹਿ ਗਿਆ, ਜਿਸ ਨੂੰ ਬਾਅਦ ਵਿਚ ਉਨ੍ਹਾਂ ਦੇ ਛੋਟੇ ਵੀਰ ਡਾ. ਬਲਬੀਰ ਸਿੰਘ ਨੇ ਪ੍ਰਕਾਸ਼ਿਤ ਕੀਤਾ।

ਕਿਉਂਕਿ ਇਹ ਪੁਸਤਕ ਉਨ੍ਹਾਂ ਦੇ ਜੀਵਨ ਦੇ ਅੰਤਲੇ ਸਮੇਂ ਦੀ ਹੈ ਇਸ ਲਈ ਇਸ ਵਿਚ ਉਹ ਆਪਣੇ ਵੱਲੋਂ ਥੋੜ੍ਹੇ ਲਫ਼ਜ਼ਾਂ ਵਿਚ ਵੱਡੀ ਗੱਲ ਕਹਿਣ ਦੀ ਪ੍ਰਵਿਰਤੀ ਤੋਂ ਕੰਮ ਲੈ ਰਹੇ ਹਨ। ਇਸੇ ਲਈ ਜਦੋਂ ਅਸੀਂ ਗੁਰੂ ਰਾਮਦਾਸ ਦੇ ਜੀਵਨ ਬਿਰਤਾਂਤ ਬਾਰੇ ਪੜ੍ਹਦੇ ਹਾਂ ਤਾਂ ਗੁਰੂ ਅਤੇ ਗੁਰੂ ਦੇ ਸਿੱਖਾਂ ਦੇ ਪ੍ਰਸੰਗ ਜਾਨਣ ਲਈ ਸਾਡੀ ਜਗਿਆਸਾ ਹੋਰ ਵਧੇਰੇ ਹੁੰਦੀ ਹੈ।

ਸਿੱਟੇ ਵਜੋਂ ਅਸੀਂ ਆਪਣੇ ਪਰਚੇ ਦੀ ਨਿਰਧਾਰਤ ਸੀਮਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਹ ਕਹਿ ਸਕਦੇ ਹਾਂ ਕਿ ਇਨ੍ਹਾਂ ਤਿੰਨਾਂ ਹੀ ਪੁਸਤਕਾਂ ਵਿਚ ਭਾਈ ਵੀਰ ਸਿੰਘ ਦੀ ਇਤਿਹਾਸਕ ਦ੍ਰਿਸ਼ਟੀ ਵਿਚਾਰਨਯੋਗ ਹੈ। ਉਹ ਗੁਰੂਆਂ ਅਤੇ ਮੁਗ਼ਲਕਾਲ ਦੇ ਰਾਜਿਆਂ ਨੂੰ ਬਾਬੇ ਕੇ ਤੇ ਬਾਬਰ ਕੇ ਪਰਸਪਰ ਚਲਦਿਆਂ ਦਿਖਾਉਂਦੇ ਹਨ। ਇਸ ਲਈ ਉਹ ਪੁਰਾਤਨ ਸਾਖੀਕਾਰਾਂ ਤੋਂ ਇਤਿਹਾਸਕ-ਤੱਥ ਪ੍ਰਾਪਤ ਕਰਦੇ ਹਨ ਅਤੇ ਨਾਲ ਹੀ ਪੰਥ ਦੀ ਸਮਕਾਲੀ ਧਾਰਮਿਕ ਸਥਿਤੀ ਨੂੰ ਸੁਧਾਰਨ ਲਈ ਸਿੱਖ ਗੁਰੂਆਂ ਅਤੇ ਉੱਚ ਜੀਵਨ ਵਾਲੇ ਸਿੱਖਾਂ ਦਾ ਪ੍ਰਸੰਗ ਬਿਆਨ ਕਰਕੇ ਆਪਣੇ ਧਰਮ ਪ੍ਰਚਾਰ ਦੀ ਸੁਰ ਤੇਜ਼ ਕਰਦੇ ਹਨ।

ਇਸੇ ਲਈ ਭਾਈ ਸਾਹਿਬ ਨੂੰ ਪੰਜਾਬੀ ਦੇ ਇਤਿਹਾਸ ਵਿਚ ਨਵ-ਜਾਗਰਣ (renaissance) ਦਾ ਪ੍ਰਵਕਤਾ ਕਿਹਾ ਜਾਂਦਾ ਹੈ। ਕਿਉਂਕਿ ਜਿਥੇ ਇਹ ਰਚਨਾਵਾਂ ਗੁਰੂ ਕਾਲ ਜਾਂ ਮੱਧਕਾਲ ਦੇ ਸਾਹਿਤ ਦੇ ਇਤਿਹਾਸ ਨਾਲ ਜੋੜਦੀਆਂ ਹਨ ਉਥੇ ਆਧੁਨਿਕ ਪੰਜਾਬੀ ਵਾਰਤਕ ਦਾ ਵੀ ਮੁੱਢ ਬੰਨ੍ਹਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਕਥਾਨਕ ਅਤੇ ਰੂਪ ਦੇ ਪੱਖੋਂ ਕਈ ਅਜਿਹੇ ਗੁਣ ਵਿਦਮਾਨ ਹਨ ਕਿ ਅਸੀਂ ਇਨ੍ਹਾਂ ਨੂੰ ਪੰਜਾਬੀ ਦੀਆਂ ਕਲਾਸਕੀ ਰਚਨਾਵਾਂ ਕਹਿ ਸਕਦੇ ਹਾਂ।


- ਅਸਿਸਟੈਂਟ ਪ੍ਰੋਫ਼ੈਸਰ,
ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਦਿੱਲੀ ਯੂਨੀਵਰਸਿਟੀ
ਮੋ: 9810669865


✧ ✧ ✧ ✧ ✧

# ਸਰਗਰਮੀਆਂ
(5 ਦਸੰਬਰ, 2019 - 10 ਜੂਨ, 2020)

## ਚਿੱਤਰ-ਪ੍ਰਦਰਸ਼ਨੀ

ਕਲਗੀਧਰ ਟਰਸਟ ਬੜੂ ਸਾਹਿਬ ਵੱਲੋਂ 8-9 ਫ਼ਰਵਰੀ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਦੀ ਯਾਦ 'ਚ ਹੋਏ ਸਮਾਗਮ 'ਚ ਸਦਨ ਵੱਲੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਅਧਾਰਿਤ ਟਰਾਂਸਲਾਈਟ ਚਿੱਤਰ-ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਵੱਡੀ ਗਿਣਤੀ 'ਚ ਸੰਗਤਾਂ ਨੇ ਵੇਖਿਆ ਤੇ ਸਲਾਹਿਆ।

## ਨਵੇਂ ਵਰ੍ਹੇ ਦਾ ਪ੍ਰੋਗਰਾਮ

ਸਦਨ ਅਤੇ ਪੰਜਾਬੀ ਅਕਾਦਮੀ ਵੱਲੋਂ ਸਾਹਿਤਕ ਮਿਲਣੀ ਦੇ ਤਹਿਤ ਨਵਾਂ ਵਰ੍ਹਾ 2020 ਦੀ ਆਮਦ ਤੇ 5 ਜਨਵਰੀ, 2020 ਨੂੰ ਸੂਫ਼ੀ ਗਾਇਨ ਦਾ ਆਯੋਜਨ ਕੀਤਾ ਗਿਆ। ਇਸ ਵਿਚ ਗਾਇਕ ਯਾਕੂਬ ਗਿੱਲ ਨੇ ਪੰਜਾਬੀ ਗੀਤਾਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ। ਇਸ ਮੌਕੇ ਸਰੋਤਿਆਂ ਨੇ ਪੰਜਾਬੀ ਪਕਵਾਨਾਂ, ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ ਤੇ ਮਿਸ਼ਠਾਨਾਂ ਦਾ ਆਨੰਦ ਮਾਣਿਆ।

## ਸੰਤ ਕਬੀਰ ਉਪਰ ਲੈਕਚਰ

ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਗਤਾਂ ਦੇ ਉਪਰ ਸਾਲ ਭਰ ਚੱਲਣ ਵਾਲੀ ਲੈਕਚਰ-ਲੜੀ ਦਾ ਆਯੋਜਨ ਕਰਦਿਆਂ ਫ਼ਰਵਰੀ 2020 ਨੂੰ ਪਹਿਲਾ ਲੈਕਚਰ ਸਾਹਿਤ ਅਕਾਦੇਮੀ ਦੇ ਸਾਬਕਾ ਪ੍ਰਧਾਨ ਪ੍ਰੋ. ਵਿਸ਼ਵਨਾਥ ਪ੍ਰਸਾਦ ਤਿਵਾਰੀ ਵੱਲੋਂ 'ਸੰਤ ਕਬੀਰ ਦਾ ਕਾਵਯ ਮਰਮ' ਦੇ ਉਪਰ ਦਿੱਤਾ ਗਿਆ। ਇਸ ਲੈਕਚਰ ਦੀ ਪ੍ਰਧਾਨਗੀ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਸਦਨ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਨੇ ਕੀਤੀ।

## ਸਦਨ ਵੱਲੋਂ ਪੁਸਤਕ ਸਟਾਲ

ਦਿੱਲੀ ਦੇ ਪ੍ਰਗਤੀ ਮੈਦਾਨ 'ਚ 4 ਤੋਂ 12 ਜਨਵਰੀ ਤਕ ਚੱਲਣ ਵਾਲੇ ਵਿਸ਼ਵ ਪੁਸਤਕ ਮੇਲੇ 'ਚ ਸਦਨ ਵੱਲੋਂ ਪ੍ਰਕਾਸ਼ਿਤ ਭਾਈ ਸਾਹਿਬ ਦੀਆਂ 150 ਤੋਂ ਉਪਰ ਪੁਸਤਕਾਂ ਦਾ ਸਟਾਲ ਲਗਾਇਆ ਗਿਆ। ਇਸ ਵਿਚ ਉਹਨਾਂ ਦੀਆਂ ਪੰਜਾਬੀ ਤੋਂ ਇਲਾਵਾ ਹਿੰਦੀ-ਅੰਗਰੇਜ਼ੀ 'ਚ ਅਨੁਵਾਦਿਤ ਰਚਨਾਵਾਂ ਵੀ ਸ਼ਾਮਿਲ ਸਨ।

## ਨਿਵਾਸ-ਅਸਥਾਨ ਵਿਖੇ ਸੈਮੀਨਾਰ

ਭਾਈ ਵੀਰ ਸਿੰਘ ਜੀ ਦੇ 147ਵੇਂ ਜਨਮ-ਦਿਵਸ ਨੂੰ ਸਮਰਪਿਤ ਹੁੰਦਿਆਂ ਭਾਈ ਵੀਰ ਸਿੰਘ ਨਿਵਾਸ-ਅਸਥਾਨ, ਅੰਮ੍ਰਿਤਸਰ ਵੱਲੋਂ 14 ਦਸੰਬਰ, 2019 ਨੂੰ 'ਭਾਈ ਵੀਰ ਸਿੰਘ ਦੀ ਪੰਜਾਬੀ ਨਾਵਲ ਨੂੰ ਦੇਣ' ਤੇ ਵਿਚਾਰ-ਚਰਚਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਮੁੱਖ ਬੁਲਾਰੇ ਵਜੋਂ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਨਿਵਾਸ-ਅਸਥਾਨ ਦੇ ਡਾਇਰੈਕਟਰ



# ਭਾਈ ਵੀਰ ਸਿੰਘ ਦੀ 'ਕੰਬਣੀ'

ਸਾਗਰ ਅੰਦਰ ਅਨੰਤ
ਜੋ ਲਹਿਰਾਂ ਮਉਲਦੀਆਂ
ਭਿੰਨੜੇ ਭਿੰਨੜੇ ਰਾਗ
ਤਰਬਾਂ ਛਿੜਦੀਆਂ
ਸਿੱਪੀਆਂ ਚੁੱਪ ਅਸਗਾਹ
ਮੋਤੀ ਪਾਲਦੀਆਂ
ਅਖੰਡ ਕੀਰਤਨ ਲਹਿਰਾਂ ਦਾ
ਚੱਲੇ ਜੋ ਅਨੰਤ ਕਾਲ
ਕਾਲਾਂ ਸਿਰ ਕਈ ਕਾਲ
ਬਿਨਸਦੇ ਵਿਗਸਦੇ
ਕੰਬਣੀਆਂ ਦੀ ਥਰਥਰਾਹਟ
ਮਨ, ਬੁਧਿ, ਸੁਰਤਿ ਚੜ੍ਹਦੇ ਸਾਣ 'ਤੇ
ਸੁਕਣ ਕਈ ਦਰਿਆ, ਵਿਚ
ਹੜ੍ਹ ਹੜ੍ਹ ਆਂਵਦੇ
ਭਾਓ ਦੀ ਜਾਨਣ ਖੇਡ ਨਾ
ਭਉ ਨਾਲ ਤ੍ਰਬਕਾਂਵਦੇ

ਕੁਦਰਤ ਰੂਪ ਅਸੰਖ
ਸਾਗਰ ਥੀਂ ਛੁੱਟਦੇ
ਇੱਛ-ਮੱਛੀਆਂ ਖਾਂਦੀਆਂ
ਇਕ-ਦੂਜ ਨੂੰ
ਘੁੰਮਣ ਚੱਕਰ ਕਾਲ ਦੇ
ਚੱਕਿਆਂ ਦੇ ਕਈ ਚੱਕ
ਸੁਰਤਿ ਦੀ ਹੋਏ ਪਰਵਾਜ਼
ਪਰ ਰਸਤਾ ਇਕ ਨਾ
ਇਕ ਆਂਵਦਾ, ਇਕ ਜਾਂਵਦਾ
ਇਕ ਬਹੁ-ਬਹੁ ਹੋਈ ਜਾਂਵਦਾ
ਚਿਤ ਡੋਲੇ, ਕੰਬੇ, ਕਈ ਵਾਰ
ਕਿ ਰਸਤਾ ਇਕ ਨਾ
ਕੌਣ ਦੱਸੇ ਕਿ ਛਿੱਟੇ ਨਾਮ ਬਿਨੁ

ਪਉਣਾਂ ਦੀ ਸਰਸਰਾਹਟ
ਕੱਢਦੀ ਜਿੰਦ ਨੂੰ
ਇਕ ਆਵੇ ਦੇਵੇ ਧਰਵਾਸ
ਦੂਜੀ, ਵਜਦੀ ਵਾਂਗਰ ਤੀਰ ਦੇ
ਨੈਣ ਤੱਕਣ ਰਾਹ ਓਸ ਦਾ
ਵਹਿੰਦੇ, ਨਦੀਆਂ ਵਾਕਰੂੰ
ਕੌਣ ਠੱਲ੍ਹੇ ਵੇਗ ਸੁਰਤਿ ਦੇ ਚੜ੍ਹਣ ਦਾ
ਕੜ ਕੜ ਕੰਬਣ ਬਿਜਲੀਆਂ
ਰਸਤੇ ਪ੍ਰੀਤਮ ਕੇ ਦੇਸ ਕੇ
ਚੜ੍ਹਣ ਕੰਬਣੀਆਂ,
ਕਲਾਈਂ ਕੰਬਦੀਆਂ

ਸੁਰਤਿ ਦਾ ਹੋਏ ਚੜ੍ਹਾਓ
ਸਾਗਰ ਵੀ ਕੰਬਦੇ
ਪ੍ਰੀਤਮ ਦੀ ਇਕ ਤੱਕਣੀ
ਬਦਲਦੀ ਸਭ ਕਿਛੁ
ਛਿੱਟੇ ਕੇਸੀਂ ਅੰਮ੍ਰਿਤਸਰ ਦੇ
ਬਖਸ਼ਣ ਸਹਿਜ ਘਰ
ਲਹਿਰਾਂ, ਨਦੀਆਂ, ਦਰਿਆ
ਵਗਦੇ ਹੁਣ ਰਉ ਵਿਚ
ਕਵਿਤਾ ਆਵਣ-ਜਾਣ
'ਸੰਥਿਯਾ' ਉਤਰਦੀ...


- ਡਾ. ਜਸਵਿੰਦਰ ਸਿੰਘ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
814-625-8800

✧ ✧ ✧ ✧ ✧

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]




ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਰਾਸ਼ਟਰਪਤੀ ਭਵਨ ਵਿਖੇ ਹੋਏ ਪ੍ਰੋਗਰਾਮ ਦੌਰਾਨ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਅਤੇ ਉਨ੍ਹਾਂ ਦੀ ਸੁਪਤਨੀ ਸਵਿਤਾ ਕੋਵਿੰਦ, ਡਾ. ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਗੁਰਸ਼ਰਨ ਕੌਰ ਅਤੇ ਰਾਗੀ ਭਾਈ ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀ।



ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼-ਪੁਰਬ ਦੇ ਸਮਾਪਨ ਸਮਾਰੋਹ ਸੰਬੰਧੀ ਸਲਾਹ ਲਈ ਜਨਰਲ ਜੋਗਿੰਦਰ ਸਿੰਘ, ਸ. ਕੇ.ਟੀ.ਐਸ. ਤੁਲਸੀ ਅਤੇ ਡਾ. ਮਹਿੰਦਰ ਸਿੰਘ, ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਮਿਲਦੇ ਹੋਏ।



ਗੁਰੂ ਨਾਨਕ ਪਬਲਿਕ ਸਕੂਲ, ਪੀਤਮਪੁਰਾ ਦੇ ਵਿਦਿਆਰਥੀਆਂ ਨੂੰ ਭਾਈ ਵੀਰ ਸਿੰਘ ਯਾਦਗਾਰੀ ਲੇਖ ਮੁਕਾਬਲਾ ਚਲੰਤ ਟਰਾਫੀ ਪ੍ਰਦਾਨ ਕਰਦੇ ਹੋਏ ਸਰਦਾਰਨੀ ਗੁਰਸ਼ਰਨ ਕੌਰ।